ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਵੀਰਵਾਰ, 22 ਅਗਸਤ 2024 (ਨਾਨਕਸ਼ਾਹੀ ਸੰਮਤ : ੫੫੬, ੭ ਭਾਦਰੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਚੰਡੀਗੜ੍ਹ ਜਾ ਰਹੀ ਰੋਡਵੇਜ਼ ਦੀ ਬੱਸ ਪਲਟੀ, ਚਾਲਕ ਤੇ ਕੰਡਕਟਰ ਸਣੇ 24 ਸਵਾਰੀਆਂ ਜ਼ਖ਼ਮੀ

**ਚੰਡੀਗੜ੍ਹ, 21 ਅਗਸਤ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ ਜਾ ਰਹੀ ਹਰਿਆਣਾ ਰੋਡਵੇਜ਼ ਦੀ ਬੱਸ ਟੋਹਾਣਾ ਨੇੜੇ ਸੜਕ ਕਿਨਾਰੇ ਪਲਟ ਗਈ ਹੈ। ਇਹ ਬੱਸ ਹਰਿਆਣਾ ਦੇ ਫਤਿਹਾਬਾਦ ਤੋਂ ਚੱਲੀ ਸੀ। ਬੱਸ ਵਿੱਚ ਸਵਾਰ 24 ਲੋਕ ਜ਼ਖਮੀ ਹੋਏ ਹਨ। ਪਿੰਡ ਵਾਸੀਆਂ ਦੀ ਮਦਦ ਨਾਲ ਸਵਾਰੀਆਂ ਨੂੰ ਬਾਹਰ ਕੱਢਿਆ ਗਿਆ ਅਤੇ ਐਂਬੂਲੈਂਸ ਨੂੰ ਸੂਚਨਾ ਦਿੱਤੀ ਗਈ। ਇਸ ਤੋਂ ਬਾਅਦ ਜ਼ਖਮੀਆਂ ਨੂੰ ਟੋਹਾਣਾ ਦੇ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਇਸ ਦੌਰਾਨ ਸੜਕ ਦੀ ਮਾੜੀ ਹਾਲਤ ਤੋਂ ਗੁੱਸੇ ਵਿੱਚ ਆਏ ਲੋਕਾਂ ਨੇ ਮੌਕੇ 'ਤੇ ਜਾਮ ਲਗਾ ਦਿੱਤਾ, ਜਿਸ ਕਾਰਨ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ। ਜਾਣਕਾਰੀ ਅਨੁਸਾਰ ਫਤਿਹਾਬਾਦ ਡਿਪੂ ਦੀ ਰੋਡਵੇਜ਼ ਦੀ ਬੱਸ ਅੱਜ ਸਵੇਰੇ ਫਤਿਹਾਬਾਦ ਤੋਂ ਚੰਡੀਗੜ੍ਹ ਲਈ ਰਵਾਨਾ ਹੋਈ ਸੀ। ਇਸੇ ਦੌਰਾਨ ਬੱਸ ਅਚਾਨਕ ਸੜਕ ਦੇ ਕਿਨਾਰੇ ਮਿੱਟੀ ਧਸਣ ਕਾਰਨ ਪਲਟ ਗਈ ਅਤੇ ਹਫੜਾ-ਦਫੜੀ ਮਚ ਗਈ। ਆਸ-ਪਾਸ ਕੰਮ ਕਰ ਰਹੇ ਲੋਕ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਬੱਸ 'ਚ ਸਵਾਰ ਲੋਕਾਂ ਨੂੰ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਇੱਕ ਦਰਜਨ ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਦੂਜੇ ਪਾਸੇ ਪਿੰਡ ਵਾਸੀਆਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਜਦੋਂ ਤੋਂ ਮੁੱਖ ਸੜਕ 'ਤੇ ਪੁਲ ਬਣ ਰਿਹਾ ਹੈ, ਉਦੋਂ ਤੋਂ ਇਸ ਦਾ ਕੋਈ ਬਦਲਵਾਂ ਪ੍ਰਬੰਧ ਨਹੀਂ ਕੀਤਾ ਗਿਆ। ਲੋਕਾਂ ਨੇ ਕਿਹਾ ਕਿ ਜੇਕਰ ਕੋਈ ਜਾਨੀ-ਮਾਲੀ ਨੁਕਸਾਨ ਹੁੰਦਾ ਹੈ ਤਾਂ ਜ਼ਿੰਮੇਵਾਰੀ ਕੌਣ ਲਵੇਗਾ, ਬਦਲਵੀਂ ਸੜਕ 'ਤੇ ਵੀ ਜਾਮ ਲੱਗਣ ਕਾਰਨ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ ਹਨ।

## ਮੰਤਰੀ ਮੰਡਲ ਨੇ ਦਿੱਤੀ ਹਰੀ ਝੰਡੀ

# ਚਾਰ ਸਾਬਕਾ ਵਜ਼ੀਰਾਂ 'ਤੇ ਵੱਡੀ ਕਾਰਵਾਈ ਦੀ ਤਿਆਰੀ

**ਚੰਡੀਗੜ੍ਹ, 21 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਕੈਬਨਿਟ ਵੱਲੋਂ ਚਾਰ ਕਾਂਗਰਸੀ ਮੰਤਰੀਆਂ ਖ਼ਿਲਾਫ਼ ਵਿਜੀਲੈਂਸ ਕੇਸਾਂ ਦੀ ਅਦਾਲਤੀ ਕਾਰਵਾਈ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ ਅਤੇ 23 ਅਗਸਤ ਨੂੰ ਆਖ਼ਰੀ ਪ੍ਰਵਾਨਗੀ ਲਈ ਕੇਸ ਰਾਜਪਾਲ ਨੂੰ ਭੇਜਿਆ ਜਾਵੇਗਾ। ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਤਿੰਨ ਵਿਧਾਇਕਾਂ, ਸਾਬਕਾ ਵਿਧਾਇਕਾਂ ਖ਼ਿਲਾਫ਼ ਅਦਾਲਤੀ ਕਾਰਵਾਈ ਲਈ ਪਹਿਲਾਂ ਹੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਜਦੋਂ ਕਿ ਚਾਰ ਸਾਬਕਾ ਮੰਤਰੀਆਂ ਖ਼ਿਲਾਫ਼ ਅਦਾਲਤਾਂ ਵਿਚ ਟਰਾਇਲ ਸ਼ੁਰੂ ਕਰਨ ਲਈ ਪ੍ਰਵਾਨਗੀ ਲਟਕੀ ਹੋਈ ਸੀ। ਵਿਜੀਲੈਂਸ ਬਿਊਰੋ ਨੇ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ, ਸੁੰਦਰ ਸ਼ਾਮ ਅਰੋੜਾ, ਸਾਧੂ ਸਿੰਘ ਧਰਮਸੋਤ ਅਤੇ ਓ.ਪੀ. ਸੋਨੀ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤੇ ਹਨ। ਇਨ੍ਹਾਂ ਚਾਰੋਂ ਸਾਬਕਾ ਵਜ਼ੀਰਾਂ ਖ਼ਿਲਾਫ਼ ਅਦਾਲਤਾਂ ਵਿਚ ਵਿਜੀਲੈਂਸ ਨੇ ਚਲਾਨ ਪੇਸ਼ ਕਰ ਦਿੱਤੇ ਹਨ ਪ੍ਰੰਤੂ ਅਦਾਲਤ ਵਿਚ ਟਰਾਇਲ ਉਦੋਂ ਹੀ ਸ਼ੁਰੂ ਹੋਵੇਗਾ ਜਦੋਂ ਰਾਜਪਾਲ ਕੈਬਨਿਟ ਦੀ ਸਿਫ਼ਾਰਸ਼ 'ਤੇ ਇਨ੍ਹਾਂ ਸਾਬਕਾ ਮੰਤਰੀਆਂ ਖ਼ਿਲਾਫ਼ ਅਦਾਲਤੀ ਕਾਰਵਾਈ ਸ਼ੁਰੂ ਕਰਨ ਦੀ ਆਖ਼ਰੀ ਪ੍ਰਵਾਨਗੀ ਦੇਣਗੇ। ਦੱਸਣਯੋਗ ਹੈ ਕਿ ਵਿਧਾਇਕਾਂ, ਸਾਬਕਾ ਵਿਧਾਇਕਾਂ ਖ਼ਿਲਾਫ਼ ਅਦਾਲਤੀ ਕਾਰਵਾਈ ਸ਼ੁਰੂ ਕਰਨ ਦੀ ਪ੍ਰਵਾਨਗੀ ਵਿਧਾਨ ਸਭਾ ਸਪੀਕਰ ਵੱਲੋਂ ਦਿੱਤੀ ਜਾਂਦੀ ਹੈ ਜਦੋਂ ਕਿ ਵਜ਼ੀਰਾਂ ਤੇ ਸਾਬਕਾ ਮੰਤਰੀਆਂ ਖ਼ਿਲਾਫ਼ ਪ੍ਰਵਾਨਗੀ ਧਾਰਾ 19 ਤਹਿਤ ਕੈਬਨਿਟ ਦੀ ਸਿਫ਼ਾਰਸ਼ 'ਤੇ ਰਾਜਪਾਲ ਵੱਲੋਂ ਦਿੱਤੀ ਜਾਂਦੀ ਹੈ ਕਿਉਂਕਿ ਵਜ਼ੀਰਾਂ ਨੂੰ ਸਹੁੰ ਰਾਜਪਾਲ ਚੁਕਾਉਂਦੇ ਹਨ। ਪਤਾ ਲੱਗਾ ਹੈ ਕਿ ਮੁੱਖ ਮੰਤਰੀ 23 ਅਗਸਤ ਨੂੰ ਇਹ ਫਾਈਲ ਰਾਜਪਾਲ ਨੂੰ ਭੇਜਣਗੇ। ਵਿਜੀਲੈਂਸ ਨੇ ਤਾਂ ਕਾਫ਼ੀ ਸਮਾਂ ਪਹਿਲਾਂ ਹੀ ਪ੍ਰਵਾਨਗੀ ਵਾਲੇ ਕੇਸ ਸਰਕਾਰ ਕੋਲ ਭੇਜ ਦਿੱਤੇ ਸਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਵਿਧਾਇਕ ਅਮਿਤ ਰਤਨ, ਸਾਬਕਾ ਵਿਧਾਇਕ ਸਤਿਕਾਰ ਕੌਰ ਗਹਿਰੀ ਅਤੇ ਕਿੱਕੀ ਢਿੱਲੋਂ ਖ਼ਿਲਾਫ਼ ਅਦਾਲਤੀ ਕਾਰਵਾਈ ਲਈ ਪ੍ਰਵਾਨਗੀ ਦਿੱਤੀ ਗਈ ਸੀ। ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਖ਼ਿਲਾਫ਼ ਵੀ ਵਿਜੀਲੈਂਸ ਨੇ ਕੇਸ ਦਰਜ ਕੀਤਾ ਹੋਇਆ ਹੈ। ਕੈਬਨਿਟ ਨੇ ਤਾਂ ਉਪਰੋਕਤ ਚਾਰ ਸਾਬਕਾ ਮੰਤਰੀਆਂ ਖ਼ਿਲਾਫ਼ ਅਦਾਲਤੀ ਕਾਰਵਾਈ ਨੂੰ ਹਰੀ ਝੰਡੀ ਦੇ ਦਿੱਤੀ ਹੈ ਅਤੇ ਹੁਣ ਗੇਂਦ ਰਾਜਪਾਲ ਦੇ ਪਾਲੇ ਵਿਚ ਹੈ।



## ਸਿੱਖਾਂ ਦੇ ਕਿਰਦਾਰ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਵਾਲੀ ਫਿਲਮ ਐਮਰਜੰਸੀ 'ਤੇ ਤੁਰੰਤ ਲਗਾਈ ਜਾਵੇ ਰੋਕ : ਧਾਮੀ

**ਚੰਡੀਗੜ੍ਹ, 21 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖਾਂ ਦੇ ਕਿਰਦਾਰ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਵਾਲੀ ਫਿਲਮ 'ਐਮਰਜੰਸੀ' 'ਤੇ ਤੁਰੰਤ ਰੋਕ ਲਗਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਫਿਲਮ ਸਿੱਖਾਂ ਅਤੇ ਪੰਜਾਬ ਵਿਰੋਧੀ ਪ੍ਰਗਟਾਵਿਆਂ ਕਰਕੇ ਵਿਵਾਦਾਂ ਵਿੱਚ ਰਹਿਣ ਵਾਲੀ ਅਦਾਕਾਰ ਕੰਗਨਾ ਰਣੌਤ ਵੱਲੋਂ ਜਾਣਬੁੱਝ ਕੇ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ ਦੇ ਮੰਤਵ ਨਾਲ ਬਣਾਈ ਗਈ ਹੈ, ਜਿਸ ਨੂੰ ਸਿੱਖ ਕੌਮ ਬਰਦਾਸ਼ਤ ਨਹੀਂ ਕਰ ਸਕਦੀ। ਐਡਵੋਕੇਟ ਧਾਮੀ ਨੇ ਕਿਹਾ ਕਿ 1984 ਦੇ ਮਹਾਨ ਸ਼ਹੀਦਾਂ ਬਾਰੇ ਸਿੱਖ ਵਿਰੋਧੀ ਬਿਰਤਾਂਤ ਸਿਰਜ ਕੇ ਕੌਮ ਦਾ ਨਿਰਾਦਰ ਕਰਨ ਦੀ ਇਹ ਘਟੀਆ ਹਰਕਤ ਹੈ। ਉਨ੍ਹਾਂ ਕਿਹਾ 1984 ਦਾ ਸਿੱਖ ਵਿਰੋਧੀ ਕਰੂਰ ਕਾਰਾ ਕੌਮ ਕਦੇ ਨਹੀਂ ਭੁੱਲ ਸਕਦੀ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੌਮੀ ਸ਼ਹੀਦ ਐਲਾਨਿਆ ਜਾ ਚੁੱਕਾ ਹੈ, ਜਦਕਿ ਕੰਗਨਾ ਰਣੌਤ ਦੀ ਇਸ ਫਿਲਮ ਰਾਹੀਂ ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨ ਦੀ ਕੋਝੀ ਹਰਕਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਵੱਲੋਂ ਅਕਸਰ ਹੀ ਜਾਣਬੁੱਝ ਕੇ ਸਿੱਖਾਂ ਦੀਆਂ ਭਾਵਨਾਵਾਂ ਭੜਕਾਉਣ ਵਾਲੇ ਪ੍ਰਗਟਾਵੇ ਕੀਤੇ ਜਾਂਦੇ ਹਨ ਪਰ ਸਰਕਾਰ ਉਸ ਉੱਤੇ ਕਾਰਵਾਈ ਕਰਨ ਦੀ ਥਾਂ ਉਸਦੀ ਪੁਸ਼ਤਪਨਾਹੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕੰਗਨਾ ਰਣੌਤ ਵੱਲੋਂ ਐਮਰਜੰਸੀ ਫਿਲਮ ਰਾਹੀਂ ਕੀਤੀ ਗਈ ਹਰਕਤ ਲਈ ਉਸ ਵਿਰੁੱਧ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਪਰਚਾ ਦਰਜ ਕਰੇ।



## ਤਖ਼ਤ ਹਜ਼ੂਰ ਸਾਹਿਬ ਤੋਂ ਭਗਵੰਤ ਮਾਨ ਨੂੰ ਪਤਿਤ ਹੋਣ ਦੇ ਬਾਵਜੂਦ ਸਿਰਪਾਓ ਦੇਣ ਤੇ ਸਖ਼ਤ ਇਤਰਾਜ਼: ਸਰਨਾ

**ਨਵੀਂ ਦਿੱਲੀ 21 ਅਗਸਤ (ਮਨਪ੍ਰੀਤ ਸਿੰਘ ਖਾਲਸਾ)**:- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪਰਿਵਾਰ ਸਮੇਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਨਤਮਸਤਕ ਹੋਏ ਹਨ। ਇਹ ਉਹਨਾਂ ਦੀ ਸ਼ਰਧਾ ਹੈ ਜਿਸਤੇ ਕੋਈ ਕਿੰਤੂ ਪ੍ਰੰਤੂ ਨਹੀ ਹੋ ਸਕਦਾ। ਕੋਈ ਵੀ ਵਿਅਕਤੀ ਆਪਣੀ ਸ਼ਰਧਾ ਤੇ ਸਤਿਕਾਰ ਭੇਂਟ ਕਰਨ ਲਈ ਗੁਰੂ ਘਰ ਵਿਖੇ ਆ ਸਕਦਾ ਹੈ। ਪਰ ਤਖ਼ਤ ਸਾਹਿਬ ਤੋਂ ਉਹਨਾਂ ਦੇ ਪਤਿਤ ਹੋਣ ਦੇ ਬਾਵਜੂਦ ਸਿਰਪਾਓ ਦੇਣ ਇਹ ਇੱਕ ਵੱਡੀ ਭੁੱਲ ਹੈ। ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਜਾਰੀ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਤਖਤ ਸਾਹਿਬ ਤੋਂ ਗੁਰੂ ਦੀ ਮੋਹਰ ਕੇਸਾਂ ਦੀ ਬੇਅਦਬੀ ਕਰਨ ਵਾਲੇ ਪਤਿਤ ਵਿਅਕਤੀ ਨੂੰ ਕਿਸ ਤਰ੍ਹਾਂ ਸਨਮਾਨਿਤ ਕੀਤਾ ਜਾ ਸਕਦਾ ਹੈ? ਜਦਕਿ ਤਖ਼ਤ ਸਾਹਿਬ ਦੀ ਆਪਣੀ ਇੱਕ ਮਰਿਯਾਦਾ ਹੁੰਦੀ ਹੈ ਜਿਸਦਾ ਪਾਲਣ ਕੀਤਾ ਜਾਣਾ ਚਾਹੀਦਾ ਸੀ। ਜੇਕਰ ਤਖ਼ਤ ਸਾਹਿਬ ਤੋਂ ਹੀ ਪਤਿਤ ਵਿਅਕਤੀਆਂ ਦਾ ਮਾਣ ਸਨਮਾਨ ਹੋਵੇਗਾ ਫੇਰ ਸਿੱਖੀ ਨੂੰ ਢਾਹ ਲੱਗਣ ਤੋਂ ਅਸੀਂ ਕਿਵੇਂ ਰੋਕ ਸਕਾਂਗੇ? ਤਖ਼ਤ ਸਾਹਿਬ ਦੇ ਸਤਿਕਾਰਯੋਗ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਬਹੁਤ ਹੀ ਸੁਹਿਰਦ ਤੇ ਸੂਝਵਾਨ ਹਨ। ਜਿੰਨਾ ਦਾ ਸਿੱਖ ਪੰਥ ਅੰਦਰ ਬਹੁਤ ਸਤਿਕਾਰ ਹੈ। ਹੈਰਾਨੀ ਦੀ ਗੱਲ ਹੈ ਕਿ ਉਹਨਾਂ ਦੇ ਤਖ਼ਤ ਸਾਹਿਬ ਦਾ ਜਥੇਦਾਰ ਹੁੰਦਿਆਂ ਇਸ ਤਰ੍ਹਾਂ ਪਤਿਤ ਵਿਅਕਤੀ ਦਾ ਸਨਮਾਨ ਤਖ਼ਤ ਸਾਹਿਬ ਤੋਂ ਹੋਇਆ ਹੈ। ਉਹਨਾਂ ਨੂੰ ਵੀ ਇਸ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ। ਕਿਉਂਕਿ ਮਰਿਯਾਦਾ ਭੰਗ ਕਰਨ ਲਈ ਅਸੀ ਕਲਗੀਧਰ ਪਾਤਸ਼ਾਹ ਦੇ ਦੇਣਦਾਰ ਹੋਵਾਂਗੇ। ਭਗਵੰਤ ਮਾਨ ਨਾ ਸਿਰਫ ਪਤਿਤ ਹੀ ਹੈ ਸਗੋਂ ਉਹ ਆਪਣੇ ਆਪ ਨੂੰ ਸਿੱਖ ਵੀ ਨਹੀਂ ਮੰਨਦਾ। ਅਜਿਹੇ ਸਿੱਖੀ ਤੋਂ ਮੁਨਕਰ ਵਿਅਕਤੀ ਦਾ ਤਖ਼ਤ ਸਾਹਿਬ ਤੋਂ ਸਨਮਾਨ ਹੋਣਾ ਬੇਹੱਦ ਮੰਦਭਾਗੀ ਗੱਲ ਹੈ। ਕੀ ਪੰਜਾਬ ਦਾ ਮੁੱਖ ਮੰਤਰੀ ਹੋਣਾ ਪਤਿਤ ਹੋਣ ਦੀ ਗੱਲ ਨੂੰ ਛੋਟ ਦੇ ਦਿੰਦਾ ਹੈ? ਇਹ ਮੇਰੀ ਭਗਵੰਤ ਮਾਨ ਨਾਲ ਕੋਈ ਜਾਤੀ ਰੰਜਸ਼ ਨਹੀ ਪਰ ਮੈਂ ਸਮਝਦਾ ਹਾਂ ਕਿ ਤਖ਼ਤ ਸਾਹਿਬ ਦੀ ਮਰਿਆਦਾ ਦਾ ਖਿਆਲ ਰੱਖਿਆ ਜਾਣਾ ਚਾਹੀਦਾ ਸੀ। ਸਾਡੀ ਭਗਵੰਤ ਮਾਨ ਨੂੰ ਵੀ ਸਲਾਹ ਹੈ ਕਿ ਕਲਗੀਧਰ ਪਾਤਸ਼ਾਹ ਜੀ ਦਾ ਇਹ ਮਹਾਨ ਤਖ਼ਤ ਹੈ ਜਿੱਥੋਂ ਤੁਹਾਨੂੰ ਭਾਵੇਂ ਗਲਤੀ ਨਾਲ ਹੀ ਸਿਰਪਾਉ ਦੀ ਦਾਤ ਮਿਲ ਗਈ ਹੈ ਹੁਣ ਤੁਸੀਂ ਇਸ ਦਾਤ ਦੀ ਕਦਰ ਕਰਦਿਆਂ ਅੱਗੇ ਤੋਂ ਕੇਸ ਦਾੜ੍ਹੀ ਕਤਲ ਕਰਨੇ ਛੱਡ ਕਿ ਪੂਰੇ ਸਰਦਾਰ ਬਣੋ ਅਤੇ ਨਸ਼ਿਆਂ ਵਰਗੀ ਅਲਾਮਤ ਤੋਂ ਦੂਰ ਹੋਵੋਂ। ਜਦੋ ਅਸੀਂ ਇਸ ਸੰਬੰਧੀ ਇਸ ਅਸਥਾਨ ਦੇ ਮੁੱਖ ਪ੍ਰਸ਼ਾਸਕ ਸ ਵਿਜੈ ਸਤਬੀਰ ਸਿੰਘ ਨਾਲ ਗੱਲ ਕਰਕੇ ਇੱਕ ਨਿਮਾਣੇ ਸਿੱਖ ਵਜੋਂ ਆਪਣੇ ਦਿਲ ਦੇ ਵਲਵਲੇ ਸਾਂਝੇ ਕੀਤੇ ਤਾਂ ਉਹਨਾਂ ਨੇ ਮਾਫ਼ੀ ਮੰਗਦਿਆਂ ਇਹ ਵਾਅਦਾ ਕੀਤਾ ਹੈ ਕਿ ਅੱਗੇ ਵਾਸਤੇ ਇਸ ਤਰ੍ਹਾਂ ਨਹੀ ਹੋਵੇਗਾ, ਪਰ ਅਸੀਂ ਉਹਨਾਂ ਨੂੰ ਤਖ਼ਤ ਸਾਹਿਬ ਵਿਖੇ ਖਿਮਾਂ ਜਾਚਨਾ ਕਰਨ ਦੀ ਬੇਨਤੀ ਕੀਤੀ ਹੈ, ਉਹਨਾਂ ਦੀ ਅਵਾਜ਼ ਤੋਂ ਪਤਾ ਲੱਗ ਰਿਹਾ ਸੀ ਕਿ ਉਹਨਾਂ ਨੂੰ ਹੁਣ ਦਿਲੋਂ ਪਛੁਤਾਵਾ ਹੈ। ਤੇ ਅੱਗੇ ਤੋਂ ਉਹ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਣਗੇ। ਇਸਦੇ ਨਾਲ ਹੀ ਮੇਰਾ ਉਹਨਾਂ ਸਤਿਕਾਰਤ ਸਿੱਖ ਸਖਸ਼ੀਅਤਾਂ ਨੂੰ ਵੀ ਸੁਆਲ ਹੈ ਜੋ ਉਸ ਵੇਲੇ ਨਾਲ ਸਨ ਕਿ ਜੋ ਵੀ ਹੋਇਆ ਕੀ ਉਹ ਸਹੀ ਹੋਇਆ ਹੈ ਤੇ ਅਸੀ ਗੁਰੂ ਨੂੰ ਕੀ ਮੁੱਖ ਦਿਖਾਵਾਂਗੇ।



## ਅਮਰੀਕਾ 'ਚ ਹਰਦੀਪ ਸਿੰਘ ਨਿੱਝਰ ਦੇ ਕਰੀਬੀ ਸਾਥੀ ਸਤਿੰਦਰਪਾਲ ਸਿੰਘ ਰਾਜੂ ਉਪਰ ਜਾਨਲੇਵਾ ਹਮਲਾ



**ਨਵੀਂ ਦਿੱਲੀ 21 ਅਗਸਤ (ਮਨਪ੍ਰੀਤ ਸਿੰਘ ਖਾਲਸਾ)**:- ਸ਼ਹੀਦ ਨਿੱਝਰ ਦੇ ਨਜ਼ਦੀਕੀ ਸਾਥੀ ਅਤੇ ਖਾਲਿਸਤਾਨ ਰੈਫਰੈਂਡਮ ਦੇ ਸਰਗਰਮ ਆਯੋਜਕ ਸਤਿੰਦਰ ਪਾਲ ਸਿੰਘ ਰਾਜੂ ਇੱਕ ਘਾਤਕ ਹਮਲੇ ਵਿੱਚ ਬਚ ਗਏ ਜਦੋਂ ਉਹ ਜਿਸ ਟਰੱਕ ਵਿੱਚ ਸਫਰ ਕਰ ਰਿਹਾ ਸੀ, ਆਈ-505 ਸਾਊਥ 'ਤੇ ਸ਼ੂਟਰਾਂ ਦੁਆਰਾ ਉਨ੍ਹਾਂ ਉਪਰ ਗੋਲੀਆਂ ਚਲਾਈ ਗਈਆਂ ਸਨ। ਜਿਕਰਯੋਗ ਹੈ ਕਿ 18 ਜੂਨ, 2023 ਨੂੰ ਭਾਰਤੀ ਏਜੰਟਾਂ ਦੁਆਰਾ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ, ਰਾਜੂ ਨੇ ਸਿੱਖਸ ਫਾਰ ਜਸਟਿਸ ਟੀਮ ਦੇ ਨਾਲ ਸ਼ਹੀਦ ਨਿੱਝਰ ਨੂੰ ਸਮਰਪਿਤ ਖਾਲਿਸਤਾਨ ਰੈਫਰੈਂਡਮ ਫੇਜ਼ 9 ਅਤੇ 99 ਦਾ ਆਯੋਜਨ ਕਰਨ ਲਈ ਜੁਲਾਈ ਤੋਂ ਅਕਤੂਬਰ ਤੱਕ ਸਰੀ ਬੀ ਸੀ ਵਿੱਚ ਡੇਰਾ ਲਾਇਆ ਹੋਇਆ ਸੀ। ਹਾਲ ਹੀ ਵਿੱਚ, ਰਾਜੂ ਕੈਲਗਰੀ ਵਿੱਚ 28 ਜੁਲਾਈ ਨੂੰ ਖਾਲਿਸਤਾਨ ਰੈਫਰੈਂਡਮ ਵੋਟਿੰਗ ਦਾ ਆਯੋਜਨ ਕਰਨ ਲਈ ਕੈਲਗਰੀ ਵਿੱਚ ਸਿੱਖਸ ਫਾਰ ਜਸਟਿਸ ਟੀਮ ਦੇ ਨਾਲ ਸੀ, ਇਸ ਤੋਂ ਪਹਿਲਾਂ ਜਨਵਰੀ ਅਤੇ ਮਾਰਚ 2024 ਵਿੱਚ ਰਾਜੂ ਨੇ ਸਾਨ ਫਰਾਂਸਿਸਕੋ ਅਤੇ ਸੈਕਰਾਮੈਂਟੋ, ਅਮਰੀਕਾ ਵਿੱਚ ਵੀ ਖਾਲਿਸਤਾਨ ਰੈਫਰੈਂਡਮ ਵੋਟਿੰਗ ਦੇ ਆਯੋਜਨ ਵਿੱਚ ਸਰਗਰਮ ਭੂਮਿਕਾ ਨਿਭਾਈ ਸੀ। ਗੁਰਪਤਵੰਤ ਸਿੰਘ ਪੰਨੂ, ਸਿੱਖਸ ਫਾਰ ਜਸਟਿਸ ਦੇ ਜਨਰਲ ਵਕੀਲ ਨੇ ਕਿਹਾ ਕਿ "ਮੋਦੀ 3.0 ਸ਼ਾਸਨ ਪੰਜਾਬ ਨੂੰ ਭਾਰਤੀ ਕਬਜੇ ਤੋਂ ਆਜ਼ਾਦ ਕਰਵਾਉਣ ਲਈ ਗਲੋਬਲ ਖਾਲਿਸਤਾਨ ਰੈਫਰੈਂਡਮ ਮੁਹਿੰਮ ਨੂੰ ਹਿੰਸਕ ਢੰਗ ਨਾਲ ਦਬਾਉਣ ਲਈ ਆਪਣੀ ਅੰਤਰ-ਰਾਸ਼ਟਰੀ ਦਮਨ ਦੀ ਨੀਤੀ ਨੂੰ ਜਾਰੀ ਰੱਖ ਰਿਹਾ ਹੈ।" ਭਾਰਤ ਦੀ ਬੇਰੋਕ ਅੰਤਰ-ਰਾਸ਼ਟਰੀ ਹਿੰਸਾ ਰਾਇਸ਼ੁਮਾਰੀ ਦੇ ਪ੍ਰਚਾਰਕਾਂ ਦੁਆਰਾ ਸ਼ੁਰੂ ਕੀਤੀ ਗਈ ਵੋਟਿੰਗ ਪ੍ਰਕਿਰਿਆ ਨੂੰ ਨਹੀਂ ਰੋਕ ਸਕਦੀ। ਰੈਫਰੈਂਡਮ ਦੇ ਕੈਨੇਡੀਅਨ ਆਰਗੇਨਾਈਜ਼ਰ ਇੰਦਰਜੀਤ ਸਿੰਘ ਗੋਸਲ ਦੇ ਘਰ ਬਰੈਂਪਟਨ, ਕੈਨੇਡਾ ਵਿੱਚ ਗੋਲੀਬਾਰੀ ਕਰਨ ਤੋਂ ਬਾਅਦ, ਰਾਜੂ ਵਿਰੁੱਧ ਐਤਵਾਰ ਰਾਤ ਦੀ ਹੱਤਿਆ ਦੀ ਕੋਸ਼ਿਸ਼ ਉੱਤਰੀ ਅਮਰੀਕਾ ਵਿੱਚ ਖਾਲਿਸਤਾਨ ਰੈਫਰੈਂਡਮ ਦੇ ਪ੍ਰਚਾਰਕ ਵਿਰੁੱਧ ਸਭ ਤੋਂ ਤਾਜ਼ਾ ਹਿੰਸਕ ਹਮਲਾ ਹੈ।

## ਸ਼ੰਭੂ ਬਾਰਡਰ ਖੋਲ੍ਹਣ ਨੂੰ ਲੈ ਕੇ ਮੀਟਿੰਗ ਬੇਸਿੱਟਾ, ਕਿਸਾਨਾਂ ਦੀ ਅਫਸਰਾਂ ਨੂੰ ਦੋ-ਟੁੱਕ, ਦਿੱਲੀ ਤਾਂ ਜਾ ਕੇ ਹੀ ਰਹਾਂਗੇ...

**ਚੰਡੀਗੜ੍ਹ, 21 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ਼ੰਭੂ ਬਾਰਡਰ ਖੋਲ੍ਹਣ ਨੂੰ ਲੈ ਕੇ ਕਿਸਾਨ ਲੀਡਰਾਂ ਤੇ ਪ੍ਰਸਾਸ਼ਨ ਵਿਚਾਲੇ ਮੀਟਿੰਗ ਬੇਸਿੱਟਾ ਰਹੀ ਹੈ। ਅੱਜ ਪਟਿਆਲਾ ਵਿਖੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਤੇ ਕਿਸਾਨਾਂ ਦੀ ਅਹਿਮ ਮੀਟਿੰਗ ਹੋਈ। ਮੀਟਿੰਗ ਵਿੱਚ ਏਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ, ਸ਼ੌਕਤ ਅਹਿਮਦ ਪਾਰੇ ਤੇ ਹਰਿਆਣਾ ਦੇ ਅਧਿਕਾਰੀ ਮੌਜੂਦ ਸਨ। ਬਾਰਡਰ ਖੋਲ੍ਹਣ ਦੇ ਮੁੱਦੇ 'ਤੇ ਚਰਚਾ ਹੋਈ ਪਰ ਮੀਟਿੰਗ ਦਾ ਕੋਈ ਨਤੀਜਾ ਨਹੀਂ ਨਿਕਲਿਆ। ਇਸ ਦੇ ਨਾਲ ਹੀ ਇਸ ਮਾਮਲੇ 'ਤੇ ਵੀਰਵਾਰ ਨੂੰ ਸੁਪਰੀਮ ਕੋਰਟ 'ਚ ਸੁਣਵਾਈ ਹੋ ਰਹੀ ਹੈ। ਦੱਸ ਦਈਏ ਕਿ ਕਿਸਾਨ ਅੰਦੋਲਨ ਕਾਰਨ ਸ਼ੰਭੂ ਸਰਹੱਦ ਪਿਛਲੇ ਛੇ ਮਹੀਨਿਆਂ ਤੋਂ ਬੰਦ ਹੈ। ਇਸ ਕਾਰਨ ਲੋਕਾਂ ਨੂੰ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਮਾਮਲਾ ਹੁਣ ਸੁਪਰੀਮ ਕੋਰਟ ਤੱਕ ਪਹੁੰਚ ਗਿਆ ਹੈ। ਪਿਛਲੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਨੂੰ ਸਰਹੱਦਾਂ ਨੂੰ ਅੰਸ਼ਕ ਤੌਰ 'ਤੇ ਖੋਲ੍ਹਣ ਲਈ ਕਿਹਾ ਸੀ। ਇਸ ਬਾਰੇ ਅੱਜ ਕਰੀਬ ਇੱਕ ਘੰਟੇ ਤੱਕ ਮੀਟਿੰਗ ਚੱਲੀ। ਕਿਸਾਨਾਂ ਨੇ ਮੀਟਿੰਗ ਵਿੱਚ ਸਪੱਸ਼ਟ ਕਿਹਾ ਕਿ ਉਹ ਸੜਕ ਜਾਮ ਨਹੀਂ ਕਰ ਰਹੇ। ਇਸ ਰਸਤੇ ਨੂੰ ਹਰਿਆਣਾ ਸਰਕਾਰ ਤੇ ਪੁਲਿਸ ਨੇ ਜਾਮ ਕੀਤਾ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਹਰਿਆਣਾ ਸਰਕਾਰ ਰਾਹ ਖੋਲ੍ਹਦੀ ਹੈ ਤਾਂ ਖੁਸ਼ੀ ਦੀ ਗੱਲ ਹੈ। ਲੋਕਾਂ ਨੂੰ ਫਾਇਦਾ ਹੋਵੇਗਾ ਤੇ ਅਸੀਂ ਵੀ ਦਿੱਲੀ ਜਾਵਾਂਗੇ। ਡੱਲੇਵਾਲ ਨੇ ਕਿਹਾ ਕਿ ਹਰਿਆਣਾ ਦੇ ਅਧਿਕਾਰੀਆਂ ਦਾ ਕਹਿਣਾ ਸੀ ਕਿ ਤੁਸੀਂ ਵਾਹਨ ਲੈ ਕੇ ਦਿੱਲੀ ਨਾ ਜਾਓ ਪਰ ਅਸੀਂ ਸਰਕਾਰ ਦਾ ਰਵੱਈਆ ਦੇਖਿਆ ਹੋਇਆ ਹੈ। ਦਿੱਲੀ ਵਿੱਚ ਪਹਿਲੇ 13 ਮਹੀਨੇ ਕਿਸਾਨਾਂ ਨਾਲ ਕੋਈ ਗੱਲਬਾਤ ਨਹੀਂ ਹੋਈ। ਹੁਣ ਸੰਘਰਸ਼ ਨੂੰ ਛੇ ਮਹੀਨੇ ਬੀਤ ਚੁੱਕੇ ਹਨ। ਇਸ ਕਰਕੇ ਅਸੀਂ ਟਰੈਕਟਰ ਟਰਾਲੀਆਂ ਤੋਂ ਬਿਨਾਂ ਦਿੱਲੀ ਨਹੀਂ ਜਾਵਾਂਗੇ। ਉਨ੍ਹਾਂ ਨੇ ਕਿਹਾ ਕਿ ਇਹ ਟਰੈਕਟਰ ਟਰਾਲੀਆਂ ਹੀ ਉਨ੍ਹਾਂ ਦੇ ਘਰ ਹਨ। ਸੰਘਰਸ਼ ਦੌਰਾਨ ਸਰਦੀਆਂ ਤੇ ਗਰਮੀਆਂ ਦਾ ਮੌਸਮ ਆਉਂਦਾ ਹੈ। ਸਾਨੂੰ ਦਿੱਲੀ ਵਿੱਚ ਰਾਸ਼ਨ-ਪਾਣੀ ਦੀ ਵੀ ਜ਼ਰੂਰਤ ਹੋਵੇਗੀ। ਅਜਿਹੇ ਵਿੱਚ ਟਰੈਕਟਰ-ਟਰਾਲੀਆਂ ਨਾਲ ਲੈ ਕੇ ਜਾਣਾ ਸਾਡੀ ਮਜਬੂਰੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਸਾਰਾ ਪੱਖ ਪ੍ਰਸ਼ਾਸਨ ਦੇ ਸਾਹਮਣੇ ਰੱਖਿਆ ਹੈ। ਪ੍ਰਸ਼ਾਸਨ ਨੇ ਕਿਹਾ ਹੈ ਕਿ ਜਲਦੀ ਹੀ ਮੀਟਿੰਗ ਬੁਲਾਈ ਜਾਵੇਗੀ। ਦੱਸ ਦਈਏ ਕਿ ਸ਼ੰਭੂ ਬਾਰਡਰ ਮਾਮਲੇ ਦੀ ਆਖਰੀ ਸੁਣਵਾਈ 12 ਅਗਸਤ ਨੂੰ ਹੋਈ ਸੀ। ਇਸ ਦੌਰਾਨ ਸੁਪਰੀਮ ਕੋਰਟ ਨੇ ਸਰਹੱਦ ਨੂੰ ਅੰਸ਼ਕ ਤੌਰ 'ਤੇ ਖੋਲ੍ਹਣ ਦੇ ਹੁਕਮ ਦਿੱਤੇ ਹਨ। ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਸਖ਼ਤ ਟਿੱਪਣੀ ਕੀਤੀ ਸੀ ਕਿ ਹਾਈਵੇਅ ਪਾਰਕਿੰਗ ਸਥਾਨ ਨਹੀਂ। ਸੁਪਰੀਮ ਕੋਰਟ ਨੇ ਇੱਕ ਹਫ਼ਤੇ ਦੇ ਅੰਦਰ ਐਂਬੂਲੈਂਸਾਂ, ਬਜ਼ੁਰਗਾਂ, ਔਰਤਾਂ, ਵਿਦਿਆਰਥੀਆਂ ਆਦਿ ਲਈ ਹਾਈਵੇਅ ਦੀ ਇੱਕ ਲੇਨ ਖੋਲ੍ਹਣ ਦਾ ਹੁਕਮ ਦਿੱਤਾ ਹੈ।

# Nankana Sahib Yatra Committe Uk



## pakistan gurdwara yatra

**6th november to 16th november 2024 yatra includes 25+ gurudwara sahib darshan .Accommodation in hotels and travel within pakistan and yatra start to finish point in AC coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

Note: It does not include flight ticket and insurance, it has to be done by the passenger himself.

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।


*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਦਮਦਮੀ ਟਕਸਾਲ
ਨਾਮ ਜਪੋ | Naam Japo
ਕਿਰਤ ਕਰੋ | Kirat Karo
ਵੰਡ ਛਕੋ | Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

PURE AND NATURAL 100% VEGETARIAN

Enjoy Real Taste of PUNJAB

KD

FULLY A.C. HALL

**Khehra VAISHNO DHABA**

BREAKFAST
LUNCH
DINNER

**OUR SPECIALIZATION :** Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


## ਪੰਜਾਬੀ

## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

www.damdamitaksal.net

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

**Learn Speak Read Write PUNJABI**



ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ–ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470




ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446




ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

**Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.**

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com

E-mail : gnstuk@hotmail.com


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715128621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**


ਸੱਦਾ-ਪੱਤਰ
ੴ ਸਤਿਗੁਰ ਪ੍ਰਸਾਦਿ ॥
ਸ਼ਹੀਦ ਬਾਬਾ ਬੇਅੰਤ ਸਿੰਘ ਜੀ ਦੀ ਯਾਦ ਵਿੱਚ
ਗੁ: ਸ਼ਹੀਦਾਂ ਸਿੰਘਾਂ ਮੇਨ ਰੋਡ ਪਿੰਡ ਚੌਹੜਾ-ਡਘਾਮ (ਕੋਟ ਪੱਲੀਆਂ) ਵਿਖੇ
ਮਿਤੀ 22 ਅਗਸਤ 2024 ਦਿਨ ਵੀਰਵਾਰ ਨੂੰ
ਬਰਸੀ ਸਮਾਗਮ
ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਬਰਸੀ ਸਮਾਗਮ ਵਿੱਚ ਆਪ ਜੀ ਨੇ ਪਰਿਵਾਰ ਅਤੇ ਵੱਧ ਤੋਂ ਵੱਧ ਸੰਗਤਾਂ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।
॥ 20 ਅਗਸਤ ਦਿਨ ਮੰਗਲਵਾਰ ਨੂੰ ਅਰੰਭ ਸ੍ਰੀ ਅਖੰਡਪਾਠ ਸਾਹਿਬ ਜੀ
22 ਅਗਸਤ ਦਿਨ ਵੀਰਵਾਰ ਨੂੰ ਭੋਗ ਉਪਰੰਤ ਦੀਵਾਨ ਸਜਣਗੇ ॥
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ)
ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
ਪਹੁੰਚ ਰਹੇ ਪੰਥ ਪ੍ਰਸਿੱਧ ਕਥਾ ਵਾਚਕ, ਕੀਰਤਨੀ ਅਤੇ ਢਾਡੀ ਜਥੇ :-
* ਭਾਈ ਬਲਵੰਤ ਸਿੰਘ ਬਕਾਪੁਰ ਵਾਲੇ
* ਉਸਤਾਦ ਗਿਆਨੀ ਬਲਕਾਰ ਸਿੰਘ ਜੀ ਦਮਦਮੀ ਟਕਸਾਲ
* ਕਵੀਸ਼ਰੀ ਜਥਾ ਗਿ. ਕੇਵਲ ਸਿੰਘ ਮਹਿਤਾ
* ਢਾਡੀ ਜਥਾ ਭਾਈ ਅੰਮ੍ਰਿਤਪਾਲ ਸਿੰਘ ਬੋੜੇ ਵਾਲੇ (ਨਿਹੰਗ ਸਿੰਘ)
ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ
ਗੁਰਦੁਆਰਾ ਸ਼ਹੀਦਾਂ ਸਿੰਘਾਂ ਦੀ ਇਮਾਰਤ ਦੀ ਕਾਰ ਸੇਵਾ ਚੱਲ ਰਹੀ ਹੈ ਸੰਗਤਾਂ ਤਨ-ਮਨ-ਧੰਨ ਨਾਲ ਯੋਗਦਾਨ ਪਾਓ ਜੀ।
ਨੋਟ : ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਦੀ ਸੰਥਿਆ ਅਤੇ ਕੀਰਤਨ ਦੀ ਮੁਫ਼ਤ ਸਿੱਖਿਆ ਦਿੱਤੀ ਜਾਂਦੀ ਹੈ।
ਬੇਨਤੀ ਕਰਤਾ
ਜਥੇਦਾਰ ਸਵਰਨਜੀਤ ਸਿੰਘ
(ਮੁਖੀ ਮਿਸਲ ਸ਼ਹੀਦਾਂ ਤਰਨਾ ਦਲ, ਦੋਆਬਾ) 98760-81108
ਏਕ ਨੂਰ ਸਵੈ-ਸੇਵੀ ਸੰਸਥਾ (ਰਜਿ.) ਪਠਲਾਵਾ
ਸਮੂਹ ਸੇਵਾਦਾਰ ਅਤੇ ਇਲਾਕੇ ਦੀਆਂ ਸੰਗਤਾਂ।
ਆਵਾਜ਼ਿ ਕੌਮ AWAZE QAUM
International Newspaper & WEB TV



ੴ ਸਤਿਗੁਰ ਪ੍ਰਸਾਦਿ॥
ਸ਼ਹੀਦ ਬਾਬਾ ਬੇਅੰਤ ਸਿੰਘ ਜੀ ਦੀ ਯਾਦ ਵਿੱਚ
ਗੁ: ਸ਼ਹੀਦਾਂ ਸਿੰਘਾਂ ਮੇਨ ਰੋਡ ਪਿੰਡ ਚੌਹੜਾ-ਡਘਾਮ (ਕੋਟ ਪੱਲੀਆਂ) ਵਿਖੇ
ਮਿਤੀ 22 ਅਗਸਤ 2024 ਦਿਨ ਵੀਰਵਾਰ ਨੂੰ
DOUBLE-S
ਬਰਸੀ ਸਮਾਗਮ
ਕਰਵਾਇਆ ਜਾ ਰਿਹਾ ਹੈ, ਆਪ ਸਭ ਨੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
20 ਅਗਸਤ ਦਿਨ ਮੰਗਲਵਾਰ ਨੂੰ ਅਰੰਭ ਸ੍ਰੀ ਅਖੰਡਪਾਠ ਸਾਹਿਬ ਜੀ
22 ਅਗਸਤ ਦਿਨ ਵੀਰਵਾਰ ਨੂੰ ਭੋਗ ਉਪਰੰਤ ਦੀਵਾਨ ਸਜਣਗੇ।
ਪਹੁੰਚ ਰਹੇ ਪੰਥ ਪ੍ਰਸਿੱਧ ਕਥਾ ਵਾਚਕ, ਕੀਰਤਨੀ ਅਤੇ ਢਾਡੀ ਜਥੇ
ਭਾਈ ਬਲਵੰਤ ਸਿੰਘ ਬਕਾਪੁਰ ਵਾਲੇ
ਉਸਤਾਦ ਗਿਆਨੀ ਬਲਕਾਰ ਸਿੰਘ ਜੀ ਦਮਦਮੀ ਟਕਸਾਲ
ਕਵੀਸ਼ਰੀ ਜਥਾ ਗਿ. ਕੇਵਲ ਸਿੰਘ ਮਹਿਤਾ (ਕੋਮਲ ਸੋਹੀ ਭਰਾ)
ਢਾਡੀ ਜਥਾ ਭਾਈ ਅੰਮ੍ਰਿਤਪਾਲ ਸਿੰਘ ਬੋੜੇ ਵਾਲੇ (ਨਿਹੰਗ ਸਿੰਘ)
ਬੇਨਤੀ ਕਰਤਾ
ਜਥੇਦਾਰ ਸਵਰਨਜੀਤ ਸਿੰਘ (ਮੁਖੀ ਮਿਸਲ ਸ਼ਹੀਦਾਂ ਤਰਨਾ ਦਲ, ਦੋਆਬਾ) ਮੋਬਾ. 98760-81108
ਏਕ ਨੂਰ ਸਵੈ-ਸੇਵੀ ਸੰਸਥਾ (ਰਜਿ.) ਪਠਲਾਵਾ ਸਮੂਹ ਸੇਵਾਦਾਰ ਅਤੇ ਇਲਾਕੇ ਦੀਆਂ ਸੰਗਤਾਂ।




UK Tour 2024
17 ਅਗਸਤ ਤੋਂ 15 ਸਤੰਬਰ
ਗਿਆਨੀ ਬਲਵਿੰਦਰ ਸਿੰਘ ਜੀ
(ਰੋਡੇ)
(ਹੈੱਡ ਗ੍ਰੰਥੀ) ਗੁ: ਸੰਤ ਖ਼ਾਲਸਾ ਜਨਮ ਅਸਥਾਨ
ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ
ਪਿੰਡ ਰੋਡੇ (ਮੋਗਾ)
M. 97815-52538
ਆਵਾਜ਼ਿ ਕੌਮ AWAZE QAUM
International Newspaper & WEB TV


With the blessings of Dhan Dhan Satguru Sahib Sri Guru Granth Sahib Ji
Mahaan Barsi Smagam
&
REMEMBERING THE SHAHEEDS OF 1984
SRI HAZOOR SANT BABA ISHER SINGH JI MAHARAJ
Rara Sahib
SRI MAAN SANT GIANI KARTAR SINGH JI KHALSA
Bhindranwale
Under the Guidance of: Sri Maan Sant Baba Bhagwan Singh Ji Maharaj (Rara Sahib Begowal)
4 DAY MAHAAN OPEN AIR
GURMAT SMAGAM
BANK HOLIDAY WEEKEND
23RD - 26TH AUGUST 2024
Sri Maan
Sant Baba Bhagwan Singh Ji
Maharaj
(Rara Sahib Begowal)
Sri Maan
Sant Giani Jarnail Singh Ji Khalsa
Bhindranwale
(Maujuda Mukhi Damdami Taksal)
SAT 24TH AUG 2024
REHNSBHAI KIRTAN DARBAR
SUN 25TH AUG 2024
SRI DASAM GRANTH SEHAJ PAATH BHOG
MON 26TH AUG 2024
SRI GURU GRANTH SAHIB JI SEHAJ PAATH BHOG
AMRIT SANCHAAR - SUNDAY 25TH AUGUST 2024 - 12PM (HALL 2)
GEORGE ST, WEST BROMWICH, BIRMINGHAM, B70 6NH
(NEXT TO GURU HAR RAI SAHIB GURDWARA)
FOR FURTHER INFORMATION, SEVA AND STALL BOOKINGS PLEASE CONTACT
07977 001313 | 07913 951860 | 07956 007161 | 07590 626176 | 07985 246484
ਆਵਾਜ਼ਿ ਕੌਮ
AWAZE QAUM
International Newspaper & WEB TV


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ
ਮਹਾਨ ਬਰਸੀ ਸਮਾਗਮ
ਅਤੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ
ਸ੍ਰੀ ਹਜ਼ੂਰ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ
ਸ੍ਰੀ ਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ) ਵਾਲਿਆਂ ਦੀ ਰਹਿਨੁਮਾਈ ਹੇਠ
4 ਰੋਜ਼ਾ
ਮਹਾਨ ਗੁਰਮਤਿ ਸਮਾਗਮ
ਬੈਂਕ ਹੋਲੀਡੇਅ ਵੀਕਐਂਡ
23 ਤੋਂ 26 ਅਗਸਤ 2024
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ)
ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ (ਮੌਜੂਦਾ ਮੁਖੀ ਦਮਦਮੀ ਟਕਸਾਲ)
ਸ਼ਨੀਵਾਰ 24 ਅਗਸਤ 2024
ਰੈਣਸਬਾਈ ਕੀਰਤਨ ਦਰਬਾਰ
ਐਤਵਾਰ 25 ਅਗਸਤ 2024
ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਸੋਮਵਾਰ 26 ਅਗਸਤ 2024
ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਅੰਮ੍ਰਿਤ ਸੰਚਾਰ - ਐਤਵਾਰ 25 ਅਗਸਤ 2024 - ਦੁਪਹਿਰੇ 12 ਵਜੇ (ਹਾਲ 2)
ਜੋਰਜ ਸਟ੍ਰੀਟ, ਵੈਸਟ ਬਰੌਮਵਿਚ, ਬਰਮਿੰਘਮ, B70 6NH
(ਗੁਰੂ ਹਰਿ ਰਾਇ ਸਾਹਿਬ ਗੁਰਦੁਆਰਾ ਦੇ ਪਾਸ)
ਆਵਾਜ਼ਿ ਕੌਮ AWAZE QAUM International Newspaper & WEB TV
ਵਧੇਰੇ ਜਾਣਕਾਰੀ, ਸੇਵਾ ਜਾਂ ਸਟਾਲ ਬੁਕਿੰਗ ਲਈ ਹੇਠ ਦਿੱਤੇ ਨੰਬਰਾਂ ਤੇ ਸੰਪਰਕ ਕਰੋ
07977 001313 | 07913 951860 | 07956 007161 | 07590 626176 | 07985 246484

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਮਹਾਨ ਗੁਰਮਤਿ ਸਮਾਗਮ



☛ ਪੁਰਾਤਨ ਮਰਿਯਾਦਾ ਅਨੁਸਾਰ 25 ਸਿੰਘ ਲੱਗ ਕੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਨਿਭਾਈ ਜਾਵੇਗੀ। ☛ ਸਮੂਹ ਸ਼ਹੀਦਾਂ ਦੀ ਯਾਦ ਅਤੇ ਦਮਦਮੀ ਟਕਸਾਲ ਦੇ 13 ਵੇਂ ਮੁਖੀ ਸ਼੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਭਿੰਡਰਾਂਵਾਲਿਆਂ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ ।

ਸ਼ੁੱਕਰਵਾਰ 23 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭ ਹੋਵੇਗੀ ਅਤੇ 25 ਅਗਸਤ ਐਤਵਾਰ ਨੂੰ ਸੰਪੂਰਨ ਭੋਗ ਪੈਣਗੇ।

• ਸ਼ਨਿੱਚਰਵਾਰ 24 ਅਗਸਤ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ • ਐਤਵਾਰ 25 ਅਗਸਤ 2024 ਨੂੰ 6:30 ਵਜੇ ਸਵੇਰੇ ਚੁਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪਰੰਤ 1:00 ਵਜੇ ਤੱਕ ਦੀਵਾਨ ਸਜਣਗੇ।

ਕਵੀਸ਼ਰੀ ਜਥਾ ਭਾਈ ਅਵਤਾਰ ਸਿੰਘ ਮਝੈਲ ਜਰਮਨੀ ਅਤੇ ਕਥਾਵਾਚਕ ਸਿੰਘ ਅਤੇ ਰਾਗੀ ਸਿੰਘ ਗੁਰਬਾਣੀ ਕੀਰਤਨ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਵੱਖ ਵੱਖ ਤਰ੍ਹਾਂ ਦੇ ਸਟਾਲ ਅਤੇ ਛਬੀਲ ਵੀ ਲੱਗੇਗੀ ☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ✶ ਗੁਰੂ ਪੰਥ ਦੇ ਦਾਸਰੇ ✶

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ, ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**


Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

### ਸ਼ਾਹ ਮੁਹੰਮਦਾ ਲੋਕ ਵਿਰਾਨ ਹੋਏ

# ਤੋੜ ਸੁੱਟਿਆ ਮੁਲਕ ਉਜਾੜਿਆ ਨੇ...



**ਅਬਦਾਲੀ** ਦੇ ਹਮਲੇ ਤੋਂ ਬਾਅਦ ਦਲ ਖਾਲਸਾ ਵਲੋਂ ਭਾਈ ਦੇਸ ਰਾਜ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਮੁੜ ਉਸਾਰੀ ਦੀ ਸੇਵਾ ਸੌਂਪੀ ਗਈ। ਭਾਈ ਦੇਸ ਰਾਜ ਇਕ ਸੰਤ ਆਤਮਾ ਸਨ ਜੋ ਨਿਰੰਤਰ ਸੇਵਾ ਕਰਵਾਉਦੇ ਰਹੇ ਪੁਰਾਤਨ ਗ੍ਰੰਥਾਂ ਚੋਂ ਪੜ੍ਹਨ ਨੂੰ ਮਿਲਿਆ ਕਿ ਇਕ ਦਿਨ ਭਾਈ ਦੇਸ

ਆਵਾਜ਼ਿ ਕੌਮ AWAZE QAUM International Newspaper & WEB TV

ਰਾਜ ਦੀ ਘਰਵਾਲੀ ਆਪਣੇ ਘਰ ਲਈ ਚੱਲ ਰਹੀ ਸੇਵਾ ਚੋਂ ਇਕ ਬਾਲਟਾ ਚੂਨਾ ਲੈਣ ਆ ਗਈ ਕਿਉਂਕਿ ਪ੍ਰਸ਼ਾਦਾ ਪਕਾਉਣ ਵਾਲੀ ਸਬਾਤ ਚੋਂ ਰਹੀ ਸੀ।

ਜਦੋਂ ਇਸ ਗੱਲ ਦਾ ਪਤਾ ਭਾਈ ਦੇਸ ਰਾਜ ਨੂੰ ਲੱਗਾ ਤਾਂ ਆਪਣੀ ਘਰਵਾਲੀ ਨੂੰ ਕਹਿਣ ਲੱਗੇ "ਇਹ ਘਰ ਰੱਖਣਾ ਹਈ ਜਾਂ ਗਰਕ ਕਰਨਾ....? ਸਬਾਤ ਚੋਂਦੀ ਹੈ ਤੋਂ ਚੋ ਲੈਣ ਦਿਓ ਪਰ ਸਤਿਗੁਰੂ ਜੀ ਦੇ ਘਰ ਦਾ



ਸ਼ਮਸ਼ੇਰ ਸਿੰਘ ਜੇਠੂਵਾਲ

ਕਿਣਕਾ ਵੀ ਘਰ ਨਹੀ ਖੜਨਾ ਜੇਕਰ ਇਹ ਗਲਤੀ ਕੀਤੀ ਵੇਖ ਲਵੀ ਘਰ ਦਾ ਨਾਮੋ ਨਿਸ਼ਾਨ ਨਹੀ ਲੱਭੇਗਾ।

ਅਜੋਕਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਭਾਈ ਦੇਸ ਰਾਜ ਜੀ ਦੁਆਰਾ ਹੀ ਬਣਵਾਇਆ ਗਿਆ ਹੈ।

ਆਪਣੇ ਪਿੰਡ ਦੇ ਇਕ ਨੇਕਬਖਤ ਇਨਸਾਨ ਸਰਦਾਰ ਰੂੜ ਸਿੰਘ ਨੰਬਰਦਾਰ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਸਤਿਗੁਰੂ ਜੀ ਦੇ ਪਿਆਰੇ ਸਿੱਖ ਦੀ ਉਦਾਹਰਣ ਦੇਣੀ ਠੀਕ ਸਮਝੀ ਹੈ ਜਿੰਨਾ ਦੇ ਨਕਸ਼ੇ ਕਦਮਾਂ ਤੇ ਚੱਲਦਿਆਂ ਸਿਧਾਂਤ ਨਾਲ ਸਮਝੌਤਾ ਨਹੀ ਕੀਤਾ।

ਹਰੇਕ ਮਨੁੱਖ ਦੀ ਜਿੰਦਗੀ ਵਿਚ ਇਕ ਐਸਾ ਸਮਾਂ ਆਉਦਾ ਜਿਥੇ ਉਸਦੇ ਜਮੀਰ ਦੀ ਪਰਖ ਹੁੰਦੀ ਹੈ,ਉਥੇ ਫੇਰ ਜਾਂ ਮਨੁੱਖ ਬਚਦਾ ਜਾਂ ਮਨੁੱਖ ਨੂੰ ਚਲਾਉਣ ਵਾਲੀ ਪਾਣ ਸੰਨ੍ਹ 1947 ਦੀ ਕਹਿਰੀ ਵੰਡ ਵੇਲੇ ਪੰਜਾਬ ਦੀ ਧਰਤ ਤੇ ਇਕ ਸਮਾਂ ਐਸਾ ਆਇਆ ਸੀ ਜਦੋਂ ਹਜਾਰਾਂ ਹੱਸਦੇ ਵੱਸਦੇ ਘਰ ਉੱਜੜੇ ਦਸ ਲੱਖ ਬੇ-ਗੁਨਾਹ ਲੋਕਾਂ ਦਾ ਕਤੁਲੇਆਮ ਹੋਇਆ, ਅੱਸੀ ਲੱਖ ਲੋਕਾਂ ਦੀ ਦੇਸ਼ ਬਦਲੀ ਹੋਈ ਦਰਾ ਖੈਬਰ ਤੋਂ ਜੰਮੂ ਪਾਣੀਪਤ ਕਰਨਾਲ ਤੱਕ ਵੱਸਦੇ ਪੰਜਾਬ ਦੇ ਟੋਟੇ ਕਰਕੇ ਦੋਹਾਂ ਮੁਲ੍ਕਾਂ ਵਿਚ ਵੰਡ ਦਿੱਤਾ ਗਿਆ।

ਕਤੁਲੋਗਾਰਤ ਦਾ ਉਹ ਐਸਾ ਸਮਾਂ ਸੀ ਜਿਸਦੇ ਦਰਦ ਨੂੰ ਬਾਬਾ ਸ਼ਾਹ ਮੁਹੰਮਦ ਜੀ ਦੇ ਸ਼ਬਦਾਂ ਰਾਂਹੀ ਮਹਿਸੂਸ ਕੀ ਜਾ ਸਕਦਾ ਹੈ।

**ਸ਼ਾਹ ਮੁਹੰਮਦਾ ਲੋਕ ਵਿਰਾਨ ਹੋਏ,**
**ਤੋੜ ਸੁੱਟਿਆ ਮੁਲ੍ਕ ਉਜਾੜਿਆ ਨੇ ।**

ਭੜ੍ਕੇ ਜਨੂੰਨੀ ਫਸਾਦ,ਲਾਸ਼ਾਂ ਨਾਲ ਭਰਿਆ ਰਾਵੀ ਦਰਿਆ, ਕਤੁਲੇਆਮ ਕਰਕੇ ਭਰੀਆਂ ਟ੍ਰੇਨਾਂ ਦੀ ਗਾਥਾ ਅਸੀ ਨਿੱਤ ਪੜ੍ਹਦੇ ਹਾਂ ਪਰ ਉਸ ਵੇਲੇ ਦੇ ਚਸ਼ਮਦੀਦ ਸਾਥੋਂ ਇਕ ਇਕ ਕਰਕੇ ਵਿਦਾ ਹੋ ਰਹੇ ਹਨ ।

ਮੇਰੇ ਪਿੰਡ ਦੀ ਐਸੀ ਹੀ ਇਕ ਸਖਸ਼ੀਅਤ ਨੰਬਰਦਾਰ ਰੂੜ ਸਿੰਘ ਜੋ ਸਾਡੇ ਹੋਸ਼ ਸੰਭਾਲਣ ਵੇਲੇ ਸਾਥੋਂ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਸਰੀਰਕ ਤੌਰ ਤੇ ਬੇਸ਼ੱਕ ਵਿਸਰ ਗਏ ਪਰ ਉਨ੍ਹਾਂ ਦੁਆਰਾ ਸੰਨ੍ਹ 1947 ਦੇ ਫਸਾਦਾਂ ਵੇਲੇ ਨਿਭਾਏ ਰੋਲ੍ਹ ਦੇ ਚਰਚੇ ਅੱਜ ਵੀ ਪਿੰਡ ਨੂੰ ਛੱਡ ਕੇ ਲਹਿੰਦੇ ਪੰਜਾਬ ਪਾਕਿਸਤਾਨ ਵਿਚ ਜਾ ਵੱਸਣ ਵਾਲੇ ਮੁਸਲਮਾਨ ਬਜੁਰਗ ਕਰਦੇ ਹਨ ।

ਜਿੰਨਾ ਬਹੁਤ ਬੇ-ਗੁਨਾਹ ਮੁਸਲਮਾਨਾਂ ਦੀ ਜਾਨ ਤੇ ਖੇਡ ਕੇ ਹਿਫਾਜ਼ਤ ਹੀ ਨਹੀ ਕੀਤੀ ਸਗੋਂ ਉਨ੍ਹਾਂ ਨੂੰ ਸੁਰਖਿਅਤ ਆਪਣੇ ਇਲਾਕੇ ਚੋਂ ਬਾਹਰ ਛੱਡ ਕੇ ਆਏ ਤਾਂ ਕਿ ਉਹ ਬਦ-ਅਮਨੀ ਦੇ ਹਾਲਾਤਾਂ ਚੋਂ ਸੁਰਖਿਅਤ ਰਾਵੀ ਪਾਰ ਲੰਘ ਜਾਣ।

ਭਾਈ ਦੇਸ ਰਾਜ ਦੇ ਬਚਨ ਸੱਚੇ ਹਨ ਅੱਜ ਇਲਾਕੇ ਵਿਚ ਉਹ ਲੋਕ ਵੀ ਹਨ ਜਿੰਨਾ ਦੇ ਵੱਡਿਆਂ ਉਸ ਸਮੇਂ ਲੁੱਟਾਂ ਖੋਹਾਂ ਕਰਦਿਆਂ ਜਮੀਨਾਂ ਘਰਾਂ ਤੇ ਕਬਜੇ ਕੀਤੇ ਜਿਨ੍ਹਾਂ ਦੀ ਵਰਤਮਾਨ ਵਿਚ ਜਾਇਦਾਦ ਪਰਿਵਾਰ ਖਤਮ ਹੋਣ ਦੇ ਕੰਢੇ ਤੇ ਹਨ ਅਤੇ ਸਰਦਾਰ ਰੂੜ ਸਿੰਘ ਦਾ ਪਰਿਵਾਰ ਵੀ ਹੈ ਜਿੰਨਾ ਦੇ ਪੁੱਤ ਪੋਤਰਿਆਂ ਕੋਲ੍ਹ ਅੱਜ ਵੀ ਚੰਗੀ ਖਾਸੀ ਜਮੀਨ ਜਾਇਦਾਦ ਧਨ ਦੌਲਤ ਅਤੇ ਸਤਿਗੁਰੂ ਜੀ ਦੇ ਘਰ ਦੀ ਸੇਵਾ ਹੈ।

1857 ਦੇ ਵਿਦਰੋਹ ਨੂੰ ਦਬਾਉਣ ਤੋਂ ਬਾਅਦ ਬਾਬਾ ਕਰਮ ਸਿੰਘ ਹੋਤੀ ਮਰਦਾਨ ਆਪਣੇ ਸਾਥੀ ਫੌਜੀਆਂ ਨਾਲ ਘਰ ਪਰਤੇ ਤਾਂ ਬੇਸ਼ੁਮਾਰ ਧਨ ਦੌਲਤਾਂ ਇਕੱਠੀ ਕਰ ਲਿਆਏ ਪਰ ਬਾਬਾ ਜੀ ਖਾਵੀ ਹੱਥ ਹੀ ਆਏ,ਭੋਲ੍ਹੀ ਮਾਂ ਨੇ ਕਿਹਾ ਵੇ ਕਰਮ ਸਿਆਂ ਤੂੰ ਕੀ ਲੈ ਕੇ ਆਇਆ...?

ਤਾਂ ਕਹਿਣ ਲੱਗਾ ਮਾਂ ਮੈਂ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੀ ਸਿੱਖੀ ਲਿਆਇਆ ਹੈ,ਜੋ ਨਾਲ ਨਿਭਣੀ ਹੈ ਮਾਇਆ ਤਾਂ ਸਭ ਏਥੇ ਰਹਿ ਜਾਣੀ ਐਸੀਆਂ ਵਿਰਲੀਆਂ ਰੂਹਾਂ ਨੂੰ ਨਮਸ਼ਕਾਰ। ••

### ਦਸਮੇਸ਼ ਹੈਰੀਟੇਜ ਸਕੂਲ ਨੇ

# ਡਰਾਇੰਗ ਤੇ ਪੇਂਟਿੰਗ ਮੁਕਾਬਲੇ 'ਚ ਮਾਰੀਆਂ ਮੱਲਾਂ

**ਚੌਂਕ ਮਹਿਤਾ, 21 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ, ਮਹਿਤਾ ਚੌਂਕ ਵਿਖੇ ਅੱਜ ਬਟਾਲਾ ਜੋਨ ਇੰਟਰ ਸਕੂਲ ਡਰਾਇੰਗ ਅਤੇ ਪੇਂਟਿੰਗ ਕੰਪੀਟੀਸ਼ਨ ਕਰਵਾਇਆ ਗਿਆ। ਜਿਸ ਵਿੱਚ ਬਟਾਲਾ ਜੋਨ ਦੇ ਅਧੀਨ ਮਾਨਤਾ ਪ੍ਰਾਪਤ ਆਈ. ਸੀ. ਐੱਸ. ਈ. ਬੋਰਡ ਦੇ ਸਕੂਲਾਂ ਨੇ ਹਿੱਸਾ ਲਿਆ । ਹਰ ਸਕੂਲ ਵੱਲੋਂ ਜੂਨੀਅਰ ਅਤੇ ਸਬ ਜੂਨੀਅਰ ਕੈਟੇਗਰੀ ਵਿੱਚ ਇੱਕ ਇੱਕ ਬੱਚਾ ਭੇਜਿਆ ਗਿਆ। ਮੈਡਮ ਮਨਜੀਤ ਕੌਰ ਵਾਲੀਆ ਪ੍ਰਿੰਸੀਪਲ ਨਿਪਸ ਸਕੂਲ ਬੁਤਾਲਾ ਨੇ ਇਸ ਪ੍ਰੋਗਰਾਮ ਵਿੱਚ ਜੱਜ ਵਜੋਂ ਸ਼ਿਰਕਤ ਕੀਤੀ। ਹਰ ਸਕੂਲ ਵੱਲੋਂ ਬਹੁਤ ਹੀ ਸ਼ਾਨਦਾਰ ਪੇਂਟਿੰਗ ਬਣਾਈਆਂ ਗਈਆਂ । ਸਬ ਜੂਨੀਅਰ ਕੈਟਾਗਰੀ ਵਿੱਚ ਸਾਂਝਪ੍ਰੀਤ ਕੌਰ ਦਸ਼ਮੇਸ਼ ਹੈਰੀਟੇਜ ਸਕੂਲ ਦੀ ਵਿਦਿਆਰਥਨ ਨੇ ਪਹਿਲਾ ਸਥਾਨ, ਸੁਭਰੀਤ ਕੌਰ ਐਫਐਸ ਮਾਨ ਸਿਲਵਰ ਗਰੀਕ ਸਕੂਲ, ਬਟਾਲਾ ਦੀ ਵਿਦਿਆਰਥਨ ਨੇ ਦੂਜਾ ਸਥਾਨ ਅਤੇ ਫਲਾਹੂਦੀਨ ਸੇਂਟ ਵਾਰੀਅਰ ਸਕੂਲ ਬਟਾਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੂਨੀਅਰ ਕੈਟਾਗਰੀ ਵਿੱਚ ਅਮਨਦੀਪ ਕੌਰ ਐਫਐਸ ਮਾਨ ਸਿਲਵਰ ਗਰੀਕ, ਬਟਾਲਾ ਦੀ ਵਿਦਿਆਰਥਨ ਨੇ ਪਹਿਲਾ ਸਥਾਨ,ਅੰਸ਼ਦੀਪ ਕੌਰ ਗਲੈਕਸੀ ਸਟਾਰ ਪਬਲਿਕ ਸਕੂਲ, ਬਟਾਲਾ ਨੇ ਦੂਜਾ ਸਥਾਨ ਅਤੇ ਰਣਜੋਧ ਪ੍ਰੀਤ ਕੌਰ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਦੀ ਵਿਦਿਆਰਥਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ । ਸਕੂਲ ਦੇ ਚੇਅਰਮੈਨ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਨੇ ਆਏ ਹੋਏ ਬੱਚਿਆਂ, ਸਟਾਫ ਅਤੇ ਜੱਜ ਸਾਹਿਬਾਨਾਂ ਨੂੰ ਜੀ ਆਇਆ ਆਖਿਆ ਅਤੇ ਬੱਚਿਆਂ ਦੀ ਹੌਂਸਲਾ ਅਫਜਾਈ ਕਰਦਿਆਂ ਆਖਿਆ ਕਿ ਇਸ ਤਰ੍ਹਾਂ ਦੇ ਮੁਕਾਬਲਿਆਂ ਨਾਲ ਬੱਚਿਆਂ ਦਾ ਹੁਨਰ ਬਾਹਰ ਆਉਂਦਾ ਹੈ।ਉਨ੍ਹਾਂ ਕਿਹਾ ਕਿ ਮੁਕਾਬਲਿਆਂ ਵਿੱਚ ਜਿੱਤ ਹਾਰ ਹਾਸਿਲ ਕਰਨਾ ਮਾਈਨੇ ਨਹੀ ਰੱਖਦਾ, ਭਾਗ ਲੈਣ ਵਾਲੇ ਸਭ ਵਿਦਿਆਰਥੀ ਜੇਤੂ ਹੁੰਦੇ ਹਨ । ਸਕੂਲ ਦੇ ਡਾਇਰੈਕਟਰ ਮਨਪ੍ਰੀਤ ਸਿੰਘ ਟੱਕਰ ਨੇ ਕਿਹਾ ਕਿ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ ਨੂੰ 10 ਸਕੂਲਾਂ ਦਾ ਇੰਟਰ ਸਕੂਲ ਕੰਪਟੀਸ਼ਨ ਕਰਵਾਉਣ ਦਾ ਮਾਣ ਪ੍ਰਾਪਤ ਹੋਇਆ ਹੈ, ਅਜਿਹੇ ਕੰਪੀਟੀਸ਼ਨ ਬੱਚਿਆਂ ਦੇ ਅੰਦਰ ਅੱਗੇ ਵਧਣ ਦੀ ਭਾਵਨਾ ਉਜਾਗਰ ਕਰਦੇ ਹਨ। ਅੰਤ ਵਿੱਚ ਜੇਤੂ ਬੱਚਿਆਂ ਨੂੰ ਇਨਾਮ ਅਤੇ ਸਰਟੀਫਿਕੇਟ ਦਿੱਤੇ ਗਏ। ਇਸ ਮੌਕੇ ਸੇਂਟ ਵਾਰੀਅਰ ਸਕੂਲ ਬਟਾਲਾ ਦੇ ਪ੍ਰਿੰਸੀਪਲ ਪਰਮਵੀਰ ਸਿੰਘ ਨੇ ਉਚੇਚੇ ਤੌਰ ਤੇ ਹਾਜ਼ਰ ਰਹੇ। ਪ੍ਰਿੰਸੀਪਲ ਮੈਡਮ ਸੰਦੀਪ ਕੌਰ ਨੇ ਵਿਦਿਆਰਥੀਆਂ, ਸਕੂਲ ਸਟਾਫ ਅਤੇ ਜੱਜ ਸਾਹਿਬਾਨ ਦਾ ਧੰਨਵਾਦ ਕੀਤਾ।




ਆਵਾਜ਼ਿ ਕੌਮ AWAZE QAUM International Newspaper & WEB TV

# ਪੀ ਐਸ ਪੀ ਸੀ ਐਲ ਜੰਡਿਆਲਾ ਗੁਰੂ ਦਫ਼ਤਰ ਵਿਖੇ ਕੈਬਨਿਟ ਮੰਤਰੀ ਸ੍ਰ ਈ ਟੀ ਓ ਨੇ ਆਪਣੇ ਜਨਮ ਦਿਨ ਸਬੰਧੀ ਕੇਕ ਕੱਟ ਕੇ ਖੁਸ਼ੀ ਸਾਂਝੀ ਕੀਤੀ



**ਜੰਡਿਆਲਾ ਗੁਰੂ, 21 ਅਗਸਤ (ਕੁਲਵੰਤ ਸਿੰਘ ਵਿਰਦੀ)**-ਬੀਤੇ ਦਿਨ ਤੋਂ ਸੋਸ਼ਲ ਮੀਡੀਆ ਦੇ ਵੱਖ ਵੱਖ ਪਲੇਟਫਾਰਮਾਂ ਰਾਹੀਂ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ ਟੀ ਓ ਜੀ ਦੇ ਜਨਮ ਦਿਨ ਦੀਆਂ ਉਨ੍ਹਾਂ ਦੇ ਚਹੇਤਿਆਂ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਉੱਥੇ ਅੱਜ ਸ੍ਰ ਹਰਭਜਨ ਸਿੰਘ ਈ ਟੀ ਉ ਜੀ ਬਿਜਲੀ ਮੰਤਰੀ ਪੰਜਾਬ ਜੀ ਆਪਣੇ ਜਨਮ ਦਿਨ ਦੀ ਖੁਸ਼ੀ ਨੂੰ ਸਾਂਝਾ ਕਰਨ ਲਈ ਆਪਣੇ ਮਾਤਾ ਸੁਰਿੰਦਰ ਕੌਰ ਜੀ ਅਤੇ ਧਰਮਪਤਨੀ ਮੈਡਮ ਸੁਹਿੰਦਰ ਕੌਰ ਜੀ ਸਮੇਤ ਜੰਡਿਆਲਾ ਗੁਰੂ ਬਿਜਲੀ ਦਫਤਰ ਦੇ ਸਮੂਹ ਸਟਾਫ਼ ਨਾਲ ਜਨਮਦਿਨ ਮਨਾਉਣ ਪਹੁੰਚੇ। ਇਸ ਮੌਕੇ ਤੇ ਸਮੂਹ ਸਟਾਫ਼ ਪੀ ਐਸ ਪੀ ਸੀ ਐਲ ਨੇ ਬਿਜਲੀ ਮੰਤਰੀ ਈ ਟੀ ਉ ਜੀ ਨੂੰ ਜੀ ਆਇਆਂ ਆਖਿਆ । ਇਸ ਮੌਕੇ ਮੰਤਰੀ ਸਰਦਾਰ ਹਰਭਜਨ ਸਿੰਘ ਈ ਟੀ ਉ ਜੀ ਨੇ ਸਮੂਹ ਸਟਾਫ਼ ਸਮੇਤ ਕੇਕ ਕੱਟ ਕੇ ਆਪਣਾ ਜਨਮਦਿਨ ਮਨਾਇਆ। ਇਸ ਮੌਕੇ ਤੇ ਮੰਤਰੀ ਈ ਟੀ ਉ ਦੇ ਧਰਮਪਤਨੀ ਮੈਡਮ ਸੁਹਿੰਦਰ ਕੌਰ ਜੀ ਨੇ ਸਾਰੇ ਸਟਾਫ਼ ਨੂੰ ਹਰ ਤਰ੍ਹਾਂ ਦੇ ਬਿਜਲੀ ਮਹਿਕਮੇ ਵਿੱਚ ਸੁਧਾਰ ਕਰਨ ਲਈ ਵੱਧ ਚੜ੍ਹ ਕੇ ਬਿਜਲੀ ਮੰਤਰੀ ਈ ਟੀ ਉ ਜੀ ਦਾ ਸਹਿਯੋਗ ਦੇਣ ਲਈ ਕਿਹਾ,ਤੇ ਸਮੂਹ ਸਟਾਫ਼ ਪੀ ਐਸ ਪੀ ਸੀ ਐਲ ਦਾ ਧੰਨਵਾਦ ਕੀਤਾ।ਇਸ ਮੌਕੇ ਤੇ ਮੈਡਮ ਸਰਬਜੀਤ ਕੌਰ ਜੰਡਿਆਲਾ ਗੁਰੂ ਜੀ ਨੇ ਤਰਸ ਦੇ ਆਧਾਰ ਤੇ ਬਿਜਲੀ ਮਹਿਕਮੇ ਵਿੱਚ 20 ਸਾਲਾਂ ਤੋਂ ਬੰਦ ਨੌਕਰੀਆ ਦੇਣ ਤੇ ਬਿਜਲੀ ਮੰਤਰੀ ਸਰਦਾਰ ਹਰਭਜਨ ਸਿੰਘ ਈ ਟੀ ਉ ਜੀ ਦਾ ਧੰਨਵਾਦ ਕੀਤਾ ਉਨ੍ਹਾਂ ਦੱਸਿਆ ਕਿ ਅੱਜ ਹਰਭਜਨ ਸਿੰਘ ਈ ਟੀ ਜੀ ਨੇ ਆਪਣੇ ਜਨਮਦਿਨ ਦੇ ਮੌਕੇ ਤੇ 5 ਕਰਮਚਾਰੀਆਂ ਦੇ ਵਾਰਸਾਂ ਨੂੰ ਨਿਯੁਕਤੀ ਪੱਤਰ ਵੀ ਦਿੱਤੇ ਹਨ ਅਸੀਂ ਸਮੂਹ ਸਟਾਫ ਮੰਤਰੀ ਸਾਹਬ ਜੀ ਨੂੰ ਜਨਮ ਦਿਨ ਦੀ ਵਧਾਈ ਦਿੰਦੇ ਹਾਂ ਅਤੇ ਮੰਤਰੀ ਸਾਹਬ ਜੀ ਦਾ ਧੰਨਵਾਦ ਕਰਦੇ ਹਾਂ।ਇਸ ਮੌਕੇ ਚੈਅਰਮੈਨ ਗੁਰਵਿੰਦਰ ਸਿੰਘ ਮਹਿਤਾ,ਇੰਜੀ: ਗੁਰਮੁੱਖ ਸਿੰਘ, ਐਸ ਡੀ ਉ ਸੁਖਜੀਤ ਸਿੰਘ, ਐਸ ਡੀ ਉ ਮਹਿੰਦਰ ਸਿੰਘ, ਅਮਨਪ੍ਰੀਤ ਸਿੰਘ ਸੀਨੀਅਰ ਸਹਾਇਕ, ਹਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਮਨਿੰਦਰ ਸਿੰਘ ਮਨੀ, ਮਨਦੀਪ ਸਿੰਘ,(ਜੇਈ ਸਟਾਫ਼) ਲਖਵਿੰਦਰ ਸਿੰਘ, ਸਤਬੀਰ ਸਿੰਘ, ਵਿਕਰਮਜੀਤ ਸਿੰਘ, ਚਰਨਕੰਵਲ ਸਿੰਘ, ਰਕੇਸ਼ ਕੁਮਾਰ,ਅਕਾਉਟੈਟ ਗਤੀਕਾ ਮੈਡਮ,(ਕਲਰਕ ਸਟਾਫ਼)ਮਨਜਿੰਦਰ ਮੈਡਮ, ਇੰਦੂ ਮੈਡਮ, ਕੁਲਵਿੰਦਰ ਕੌਰ, ਕਰਮਜੀਤ ਮੈਡਮ, ਵੀਨਾ ਮੈਡਮ ਤੇ ਮਸੂਹ ਸਟਾਫ਼ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਾਚਾ ਗੁਰ ਲਾਧੋ ਰੇ ਮੇਲੇ ਮੌਕੇ ਫੁੱਲਾਂ ਦੀ ਸਜਾਵਟ ਕਰਨ ਤੇ ਕੀਤਾ ਸਨਮਾਨਿਤ



**ਚੌਂਕ ਮਹਿਤਾ, 21 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਨੌਵੀਂ ਪਾਤਸ਼ਾਹੀ ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ 'ਸਾਚਾ ਗੁਰ ਲਾਧੋ ਰੇ' ਦਿਵਸ, 'ਮੇਲਾ ਰੱਖੜ ਪੁੰਨਿਆਂ' ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਦੇਸ਼ ਵਿਦੇਸ਼ ਦੀਆ ਸੰਗਤਾਂ ਵੱਲੋਂ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਦੌਰਾਨ 17 ਅਗਸਤ ਤੋਂ ਲੈ ਕੇ ਅੱਜ 20 ਅਗਸਤ ਗੁਰਦੁਆਰਾ ਸਾਹਿਬ ਦੇ ਮੁੱਖ ਗੇਟ ਅਤੇ ਗੁਰਦੁਆਰਾ ਸਾਹਿਬ ਦੇ ਅੰਦਰ ਰੰਗ ਬਿਰੰਗੇ ਫੁੱਲਾਂ ਨਾਲ ਬਾ ਕਮਾਲ ਸਜਾਵਟ ਕੀਤੀ ਗਈ, ਅਤੇ ਇਸ ਦੇ ਨਾਲ ਹੀ ਦਰਬਾਰ ਸਾਹਿਬ ਦੇ ਅੰਦਰ ਗੁਬਾਰੇ ਲਗਾ ਕੇ ਇਕ ਸੁੰਦਰ ਦਿੱਖ ਪ੍ਰਧਾਨ ਕੀਤੀ ਗਈ ਹੈ। ਜਿਕਰਯੋਗ ਹੈ ਕਿ ਫੁੱਲਾਂ ਦੀ ਇਹ ਸਜਾਵਟ ਗੁਰੂ ਘਰ ਦੇ ਸੇਵਕ ਪੰਜਾਬ ਟੈਂਟ ਹਾਊਸ ਮਹਿਤਾ ਚੌਂਕ ਦੇ ਮਾਲਕ ਭਾਈ ਗੁਰਪ੍ਰੀਤ ਸਿੰਘ ਗੋਪੀ ਵੱਲੋਂ ਆਪਣੀ ਸ਼ਰਧਾ ਦੇ ਅਨੁਸਾਰ ਸੇਵਾ ਦੇ ਰੂਪ ਵਿਚ ਕੀਤੀ ਗਈ। ਜਿਸ ਤਹਿਤ ਅੱਜ ਗੁਰਦੁਆਰਾ ਸਾਹਿਬ ਦੇ ਮੈਨੇਜਰ ਗੁਰਪ੍ਰੀਤ ਸਿੰਘ ਮੱਲੇਵਾਲ, ਮੀਤ ਮੈਨੇਜਰ ਜਗਤਾਰ ਸਿੰਘ ਅਤੇ ਸ਼ੇਰ ਸਿੰਘ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਇੰਚਾਰਜ ਸੁਖਵਿੰਦਰ ਸਿੰਘ ਬੁਤਾਲਾ ਦੇ ਵੱਲੋਂ ਭਾਈ ਗੁਰਪ੍ਰੀਤ ਸਿੰਘ ਗੋਪੀ ਮਹਿਤਾ ਚੌਂਕ ਨੂੰ ਸਨਮਾਨ ਚਿੰਨ ਭੇਟ ਕਰ ਕੇ ਵਿਸ਼ੇਸ਼ ਰੂਪ ਵਿਚ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਦਸਮੇਸ਼ ਯੁਵਕ ਸੇਵਾਵਾਂ ਕਲੱਬ ਗੁਲਾਬਗੜ੍ਹ ਵੱਲੋਂ ਜੋਨ ਜੇਤੂ ਖਿਡਾਰੀਆਂ ਅਤੇ ਸਾਹਿਤਕਾਰ ਵਿਦਿਆਰਥੀਆਂ ਦਾ ਕੀਤਾ ਸਨਮਾਨ





ਤਲਵੰਡੀ ਸਾਬੋ, 21 ਅਗਸਤ (ਗੁਰਜੰਟ ਸਿੰਘ ਨਥੇਹਾ)- ਗੁਲਾਬਗੜ੍ਹ ਸਕੂਲ ਦੇ ਜੋਨ ਜੇਤੂ ਸਾਰੇ ਗਰੁੱਪਾਂ ਦੇ ਵਾਲੀਵਾਲ ਖਿਡਾਰੀਆਂ ਦਾ ਅਤੇ ਸਾਹਿਤਕਾਰ ਵਿਦਿਆਰਥੀਆਂ ਦਾ ਕਲੱਬ ਪ੍ਰਧਾਨ ਸ੍ਰ. ਗੁਰਦਿੱਤ ਸਿੰਘ ਅਤੇ ਮੈਂਬਰ ਸ੍ਰ. ਅਮਰਿੰਦਰ ਸਿੰਘ, ਸ੍ਰ. ਲੱਖਪ੍ਰੀਤ ਸਿੰਘ, ਸ੍ਰ. ਮਣੀ ਸਿੰਘ, ਸ੍ਰ. ਮਹਿਕ ਸਿੰਘ ਅਤੇ ਸ੍ਰ. ਹੈਪੀ ਸਿੰਘ ਵੱਲੋਂ ਸਕੂਲ ਵਿਚ ਉਚੇਚੇ ਤੌਰ 'ਤੇ ਪਹੁੰਚ ਕੇ ਮੈਡਲ ਪਾ ਕੇ ਸਨਮਾਨ ਕੀਤਾ ਗਿਆ। ਬੱਚਿਆਂ ਦੀ ਚੰਗੀ ਕਾਰਗੁਜ਼ਾਰੀ ਅਤੇ ਕਲੱਬ ਦੇ ਚੰਗੇ ਉੱਦਮ ਲਈ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸੁਨੀਤਾ ਕੁਮਾਰੀ ਬਾਂਸਲ ਵੱਲੋਂ ਤਾਰੀਫ਼ ਕੀਤੀ ਗਈ ਅਤੇ ਸਪੋਰਟਸ ਟੀਮ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਪ੍ਰੋਗਰਾਮ ਲਈ ਵਿਸ਼ੇਸ਼ ਸਹਿਯੋਗ ਸ੍ਰ. ਬਲਜਿੰਦਰ ਸਿੰਘ ਲਾਇਬਰੇਰੀਅਨ, ਸ਼੍ਰੀਮਤੀ ਊਸ਼ਾ ਰਾਣੀ ਗਣਿਤ ਅਧਿਆਪਕਾ, ਸ੍ਰ. ਜਗਜੀਤ ਸਿੰਘ, ਸ੍ਰ. ਸੰਦੀਪ ਸਿੰਘ ਖੇਤੀਬਾੜੀ ਟਰੇਨਰ, ਸ਼੍ਰੀਮਤੀ ਉਮਾ ਰਾਣੀ ਹਿੰਦੀ ਅਧਿਆਪਕ, ਸ਼੍ਰੀਮਤੀ ਸੁਨੰਦਾ ਗਰਗ ਸਾਇੰਸ ਅਧਿਆਪਕਾ, ਸ਼੍ਰੀਮਤੀ ਅਮਨਦੀਪ ਕੌਰ ਮਾਨ, ਸ਼੍ਰੀਮਤੀ ਕੁਲਦੀਪ ਕੌਰ ਪੰਜਾਬੀ ਅਧਿਆਪਕਾ, ਸ਼੍ਰੀਮਤੀ ਹਰਪ੍ਰੀਤ ਕੌਰ, ਸ਼੍ਰੀਮਤੀ ਗੁਰਬੰਸ ਕੌਰ ਲੈਕਚਰਾਰ, ਸ੍ਰ. ਮੋਹਰਾ ਸਿੰਘ ਅਤੇ ਸਵੇਰ ਦੀ ਸਭਾ ਵਿੱਚ ਹਾਜ਼ਰ ਸਟਾਫ ਅਤੇ ਵਿਦਿਆਰਥੀਆਂ ਦਾ ਰਿਹਾ। ਸਟੇਜ ਦਾ ਸੰਚਾਲਨ ਸ੍ਰ. ਗੁਰਸੇਵਕ ਸਿੰਘ ਮਾਨ ਵੱਲੋਂ ਕੀਤਾ ਗਿਆ ਅਤੇ ਵਿਦਿਆਰਥੀਆਂ ਵੱਲੋਂ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਜ਼ਬਰਦਸਤ ਤਾੜੀਆਂ ਨਾਲ ਸਕੂਲ ਦੇ ਵਿਹੜੇ ਵਿੱਚ ਪਹੁੰਚੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ।

ਸਾਹਿਬ ਜਾਗ੍ਰਿਤੀ ਸਭਾ,ਬਠਿੰਡਾ ਵੱਲੋਂ ਭਾਸ਼ਾ ਵਿਭਾਗ ਪੰਜਾਬ ਜ਼ਿਲ੍ਹਾ ਬਠਿੰਡਾ ਦੇ ਸਹਿਯੋਗ ਨਾਲ ਮਰਹੂਮ ਪ੍ਰਿੰਸੀਪਲ ਜਗਦੀਸ਼ ਸਿੰਘ ਘਈ ਜੀ ਨੂੰ ਸਮਰਪਿਤ

# ਸ੍ਰੀ ਭਰਗਾ ਨੰਦ ਲੌਂਗੋਵਾਲ ਦੀਆਂ ਦੋ ਕਿਤਾਬਾਂ ਦਾ ਕੀਤਾ ਗਿਆ ਲੋਕ ਅਰਪਣ ਤੇ ਕਵੀ ਦਰਬਾਰ








**ਬਠਿੰਡਾ, 21 ਅਗਸਤ (ਆਵਾਜ਼ਿ ਕੌਮ ਬਿਊਰੋ)**-ਸਾਹਿਤ ਜਾਗ੍ਰਤੀ ਸਭਾ ਬਠਿੰਡਾ ਵੱਲੋਂ ਭਾਸ਼ਾ ਵਿਭਾਗ ਬਠਿੰਡਾ ਦੇ ਸਹਿਯੋਗ ਨਾਲ ਉੱਘੇ ਸਿੱਖਿਆ ਸ਼ਾਸਤਰੀ ਅਤੇ ਅਧਿਆਪਕ ਸ੍ਰੀ ਭਰਗਾ ਨੰਦ ਲੌਂਗੋਵਾਲ ਦੀਆਂ ਦੋ ਕਿਤਾਬਾਂ "ਸੂਰਜ ਤਪ ਕਰਦਾ ਅਤੇ ਬਾਤਾਂ "ਨੂੰ ਲੋਕ ਅਰਪਣ ਕਰਨ ਲਈ ਸਥਾਨਕ ਟੀਚਰਜ ਹੋਮ ਵਿਖੇ ਇੱਕ ਸਮਾਗਮ ਕਰਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਪ੍ਰਵਾਸੀ ਸ਼ਾਇਰ ਡਾ. ਜਸਪਾਲ ਸਿੰਘ ਦੇਸੂਵੀ ਜੀ ਸ਼ਾਮਿਲ ਹੋਏ ਅਤੇ ਸਮਾਗਮ ਦੀ ਪ੍ਰਧਾਨਗੀ ਉੱਘੇ ਵਿਦਵਾਨ ਅਤੇ ਲੇਖਕ ਸ੍ਰੀ ਭੀਮਇੰਦਰ ਸਿੰਘ ਡਾਇਰੈਟਰ ,ਪੰਜਾਬੀ ਵਰਲਡ ਸੈਂਟਰ ,ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੀਤੀ । ਸਮਾਗਮ ਦਾ ਆਰੰਭ ਸਭਾ ਦੇ ਪ੍ਰਧਾਨ ਅਮਰਜੀਤ ਸਿੰਘ ਜੀਤ ਵੱਲੋਂ ਆਏ ਹੋਏ ਮਹਿਮਾਨ ਸਾਹਿਤਕਾਰਾਂ ਅਤੇ ਸਰੋਤਿਆਂ ਦੇ ਮਾਣ ਵਿਚ ਨਿੱਘੇ ਸਵਾਗਤੀ ਭਾਸ਼ਣ ਨਾਲ ਹੋਇਆ। "ਸੂਰਜ ਤਪ ਕਰਦਾ " ਅਤੇ "ਬਾਤਾਂ" ਦੇ ਲੋਕ ਅਰਪਣ ਉਪਰੰਤ ਮੌਕੇ ਤੇ ਸ਼ਿਰਕਤ ਕਰ ਰਹੇ ਸਾਹਿਤਕਾਰਾਂ ਨੂੰ ਸ੍ਰੀ ਧਰਮ ਚੰਦ ਲੌਂਗੋਵਾਲ ਸੰਪਾਦਕ ਬਠਿੰਡਾ ਖ਼ਬਰਨਾਮਾ , ਡਾ.ਜਸਪਾਲ ਸਿੰਘ ਦੇਸੂਵੀ, ਡਾਕਟਰ ਭੀਮ ਇੰਦਰ ਸਿੰਘ , ਜਸਪਾਲ ਮਾਨਖੇੜਾ ਅਤੇ ਗੁਰਦੇਵ ਖੋਖਰ ਨੇ ਸੰਬੋਧਨ ਕੀਤਾ ।

ਡਾਕਟਰ ਭੀਮ ਇੰਦਰ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਰਗਾਨੰਦ ਜੀ ਨੇ ਉਮਰ ਦੇ ਇਸ ਪੜਾਅ ਵਿੱਚ ਵੀ ਜਿਸ ਜਜ਼ਬੇ ਨਾਲ ਲੇਖਣੀ ਜਾਰੀ ਰੱਖੀ ਹੈ ਉਹ ਪ੍ਰੇਰਨਾ ਦਾਇਕ ਹੈ ।ਅੱਜ ਸਾਡੇ ਸਮਾਜ ਨੂੰ ਸਹੀ ਦਿਸ਼ਾ ਦੀ ਲੋੜ ਹੈ ਅਤੇ ਸਾਹਿਤਕਾਰ ਇਸ ਵਿੱਚ ਵੱਡੀ ਭੂਮਿਕਾ ਨਿਭਾ ਸਕਦੇ ਹਨ। । ਡਾ. ਜਸਪਾਲ ਸਿੰਘ ਦੇਸੂਵੀ ਨੇ ਮੌਜੂਦਾ ਹਾਲਾਤਾਂ ਦੇ ਮੱਦੇ ਨਜ਼ਰ ਲੇਖਕਾਂ ਦੀ ਇੱਕਮੁੱਠਤਾ ਤੇ ਜ਼ੋਰ ਦਿੱਤਾ ਉਹਨਾਂ ਅਨੁਸਾਰ ਇਸ ਨਾਜੁਕ ਸਮੇਂ ਅਤੇ ਦੌਰ ਵਿੱਚ ਲੇਖਕ ਬਣਦੀ ਭੂਮਿਕਾ ਨਿਭਾਉਣ , ਲੇਖਕ ਅਵਾਮ ਨੂੰ ਇੱਕ ਮੁੱਠਤਾ ਅਤੇ ਭਾਈਚਾਰੇ ਦਾ ਸੰਦੇਸ਼ ਦੇਣ ।

ਗੁਰਦੇਵ ਖੋਖ਼ਰ ਅਤੇ ਨਾਵਲਕਾਰ ਜਸਪਾਲ ਮਾਨਖੇੜਾ ਨੇ ਸ੍ਰੀ ਭਰਗਾ ਨੰਦ ਜੀ ਲੌਂਗੋਵਾਲ ਵੱਲੋਂ ਲਿਖੀਆਂ ਕਿਤਾਬਾਂ ਦੀ ਚਰਚਾ ਕਰਦਿਆਂ ਉਨਾਂ ਦੀਆਂ ਵਿਸ਼ੇਸ਼ਤਾਈਆਂ ਦਾ ਜ਼ਿਕਰ ਕਰਦਿਆਂ ਲੇਖਕ ਨੂੰ ਮੁਬਾਰਕਾਂ ਦਿੱਤੀਆਂ ਅਤੇ ਉਮੀਦ ਜ਼ਾਹਿਰ ਕੀਤੀ ਕਿ ਉਹ ਅੱਗੇ ਤੋਂ ਵੀ ਇਸੇ ਤਰਾਂ ਸਾਹਿਤ ਦੀ ਸੇਵਾ ਕਰਦੇ ਰਹਿਣਗੇ । ਇਸ ਮੌਕੇ ਤੇ ਜਿਲ੍ਹਾ ਭਾਸ਼ਾ ਅਫਸਰ ਬਠਿੰਡਾ ਸ੍ਰੀ ਕੀਰਤੀ ਕ੍ਰਿਪਾਲ ਜੀ ਵੀ ਸ਼ਾਮਿਲ ਹੋਏ ।

ਇਸ ਮੌਕੇ ਤੇ ਕਵੀ ਦਰਬਾਰ ਦਾ ਵੀ ਆਯੋਜਨ ਵੀ ਕੀਤਾ ਗਿਆ ਜਿਸ ਵਿੱਚ ਸੁਰਿੰਦਰ ਪ੍ਰੀਤ ਘਣੀਆਂ, ਅਮਰਜੀਤ ਸਿੰਘ ਜੀਤ, ਪੰਡਿਤ ਰੂਪ ਚੰਦ ਸ਼ਰਮਾ, ਮਨਜੀਤ ਬਠਿੰਡਾ, ਸਭਾ ਦੇ ਸਰਪ੍ਰਸਤ ਜਸਪਾਲ ਜੱਸੀ ,ਕਵਿਤਰੀ ਦਵੀ ਸਿੱਧੂ, ਕਵਿਤਰੀ ਵੀਰਪਾਲ ਕੌਰ ਮੋਹਲ, ਰਜਨੀ ਸ਼ਰਮਾ , ਹਰਦਰਸ਼ਨ ਸੋਹਲ , ਨਛੱਤਰ ਸਿੰਘ ਝੁੱਟੀ ਕਾ, ਇਕਬਾਲ ਸਰਾਂ , ਦਮਜੀਤ ਦਰਸ਼ਨ, ਮੀਤ ਬਠਿੰਡਾ, ਸਿਕੰਦਰ ਚੰਦ ਭਾਨ, ਗੁਰਸੇਵਕ ਸਿੰਘ ਬੀੜ ,ਅਮਨ ਦਾਤੇਵਾਸੀਆ , ਕ੍ਰਿਸ਼ਨ ਸੇਠੀ, ਹਿਤਾ ਸ਼ਰਮਾ ਤੇ ਹੋਰ ਕਵੀਆਂ ਨੇ ਆਪਣੀਆਂ ਆਪਣੀਆਂ ਰਚਨਾਵਾਂ ਸੁਣਾਈਆਂ ।

ਆਵਾਜ਼ਿ ਕੌਮ AWAZE QAUM International Newspaper & WEB TV

ਸਮਾਗਮ ਦੌਰਾਨ ਲੇਖਕ ਸ੍ਰੀ ਭਰਗਾ ਨੰਦ ਨੇ ਆਪਣੀ ਲਿਖਣ ਪ੍ਰਕਿਰਿਆ ਅਤੇ ਪਹਿਲਾਂ ਲਿਖੀਆਂ ਹੋਈਆਂ ਕਿਤਾਬਾਂ ਦੀ ਚਰਚਾ ਕਰਦਿਆਂ ਸਾਹਿਤ ਜਾਗ੍ਰਿਤੀ ਸਭਾ ਦਾ ਧੰਨਵਾਦ ਵੀ ਕੀਤਾ ।ਉਹਨਾਂ ਨੇ ਕਿਹਾ ਕਿ ਉਹਨਾਂ ਦੇ ਪਰਿਵਾਰ ਵਿੱਚ ਪਹਿਲਾਂ ਤੋਂ ਹੀ ਬਜ਼ੁਰਗ ਸਾਹਿਤ ਅਤੇ ਸੰਘਰਸ਼ ਨਾਲ ਜੁੜੇ ਹੋਏ ਸਨ ਜਿਨਾਂ ਦੀ ਪ੍ਰੇਰਨਾ ਸਦਕਾ ਉਹ ਵੀ ਸਾਹਿਤ ਲਿਖਣ ਵੱਲ ਰੁਚਿਤ ਹੋਏ ਹਨ , ਅਤੇ ਸਮਾਜ ਭਲਾਈ ਦੀਆਂ ਹੋਰ ਦੂਸਰੀਆਂ ਗਤੀਵਿਧੀਆਂ ਵਿੱਚ ਸਮੇਂ-ਸਮੇਂ ਤੇ ਸ਼ਾਮਿਲ ਹੁੰਦੇ ਰਹੇ ਹਨ। ।

ਇਸ ਮੌਕੇ ਤੇ ਸਭਾ ਦੇ ਅਹੁਦੇਦਾਰਾਂ ਅਮਰਜੀਤ ਸਿੰਘ ਜੀਤ ਜਸਪਾਲ ਜੱਸੀ, ਸ੍ਰੀ ਤਰਸੇਮ ਨਰੂਲਾ ਐਡਵੋਕੇਟ ਗੁਰਵਿੰਦਰ ਸਿੰਘ , ਹਰਦਰਸ਼ਨ ਸਿੰਘ ਸੋਹਲ ਨੇ ਦੱਸਿਆ ਕਿ ਸ੍ਰੀ ਭਰਗਾ ਨੰਦ ਜੀ ਬੜੇ ਸਾਲਾਂ ਤੋਂ ਸਾਹਿਤ ਅਤੇ ਸਿੱਖਿਆ ਖੇਤਰ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ , ਸਾਹਿਤਿਕ ਗਤੀਵਿਧੀਆਂ ਨੂੰ ਬਲ ਦੇਣ ਅਤੇ ਸ੍ਰੀ ਭਰਗਾ ਨੰਦ ਜੀ ਨੂੰ ਸਨਮਾਨ ਦੇਣ ਵਾਸਤੇ ਇਹ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਹੈ । ਜਿਸ ਵਿੱਚ ਸ੍ਰੀ ਭਰਗਾ ਨੰਦ ,ਆਏ ਹੋਏ ਮਹਿਮਾਨਾਂ ,ਡਾ. ਜਸਪਾਲ ਸਿੰਘ ਦਸੂਵੀ , ਅਤੇ ਪ੍ਰੋ. ਭੀਮ ਇੰਦਰ ਸਿੰਘ ਜੀ ਨੂੰ ਸਾਹਿਤ ਜਾਗ੍ਰਿਤੀ ਸਭਾ ਵੱਲੋਂ ਸਨਮਾਨ ਚਿੰਨ ਵੀ ਭੇਂਟ ਕੀਤੇ ਗਏ ।

ਇਸ ਮੌਕੇ ਤੇ ਹਾਜ਼ਰ ਭਰਗਾ ਨੰਦ ਜੀ ਦੇ ਪਰਿਵਾਰਿਕ ਮੈਂਬਰਾਂ ਅਤੇ ਇਲਾਕੇ ਦੇ ਸਾਹਿਤਕਾਰਾਂ ਨੇ ਸਾਹਿਤ ਜਾਗ੍ਰਿਤੀ ਸਭਾ ਵੱਲੋਂ ਕੀਤੇ ਗਏ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਮੀਦ ਕੀਤੀ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਸਭਾ ਇਸੇ ਤਰ੍ਹਾਂ ਜੋਰ ਸ਼ੋਰ ਨਾਲ਼ ਸਹਿਤਕ ਗਤੀਵਿਧੀਆਂ ਜਾਰੀ ਰੱਖੇਗੀ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਸਰਪ੍ਰਸਤ ਜਸਪਾਲ ਜੱਸੀ ਜੀ ਆਏ ਸਾਹਿਤਕਾਰਾ,ਸਾਹਿਤ ਪ੍ਰੇਮੀਆਂ ਅਤੇ ਮਹਿਮਾਨਾਂ ਧੰਨਵਾਦ ਕੀਤਾ ।ਤਰਸੇਮ ਬਸ਼ਰ ਨੇ ਮੰਚ ਸੰਚਾਲਨ ਦੀ ਜਿੰਮੇਵਾਰੀ ਬਾ ਖ਼ੂਬੀ ਨਿਭਾਈ ।

ਜ਼ਿਲ੍ਹਾ ਗੁਰਦਾਸਪੁਰ ਦੀਆਂ ਅਦਾਲਤਾਂ ਵਿੱਚ 14 ਸਤੰਬਰ ਨੂੰ ਲੱਗੇਗੀ ਕੌਮੀ ਲੋਕ ਅਦਾਲਤ - ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਰਜਿੰਦਰ ਅਗਰਵਾਲ

# ਲੋਕ ਅਦਾਲਤ ਰਾਹੀਂ ਕੇਸਾਂ ਦਾ ਫ਼ੈਸਲਾ ਕਰਵਾ ਕੇ ਸਮੇਂ ਤੇ ਪੈਸੇ ਦੀ ਕੀਤੀ ਜਾ ਸਕਦੀ ਹੈ ਬੱਚਤ



ਗੁਰਦਾਸਪੁਰ/ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 21 ਅਗਸਤ (ਕੁਲਜੀਤ ਸਿੰਘ ਖੋਖਰ)-ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿੱਚ ਕੌਮੀ ਲੋਕ ਅਦਾਲਤ 14 ਸਤੰਬਰ 2024 ਨੂੰ ਲਗਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ 138 ਐੱਨ.ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ, ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਈਟ ਪਲੈਨ ਆਦਿ, ਸਾਰੇ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐੱਮ.ਏ.ਸੀ.ਟੀ. (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਿਤ ਕੋਰਟ ਵਿੱਚ ਜਾਂ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਦਫ਼ਤਰ ਦੇ ਕਮਰਾ ਨੰਬਰ 102 ਵਿਖੇ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫ਼ੈਸਲਾ ਅੰਤਿਮ ਹੁੰਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਗਰੀਬ ਅੰਮ੍ਰਿਤਧਾਰੀ ਸਿੱਖ ਨੇ ਕੱਚੇ ਬਾਲਿਆ ਵਾਲੇ ਕਮਰੇ ਨੂੰ ਰਿਪੇਅਰ ਕਰਾਉਣ ਦੀ ਲਾਈ ਗੁਹਾਰ

☛ ਜ਼ਿਲ੍ਹਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਕੀਤੀ ਅਪੀਲ ☛ ਖ਼ਸਤਾ ਹਾਲ ਕਮਰੇ ਵਿੱਚ ਰਹਿਣ ਲਈ ਮਜਬੂਰ ਸਰਦੂਲ ਸਿੰਘ ਕਿਸੇ ਸਮੇਂ ਕਮਰਾ ਡਿੱਗਣ ਨਾਲ ਵਾਪਰ ਸਕਦਾ ਵੱਡਾ ਹਾਦਸਾ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 21 ਅਗਸਤ ਕੁਲਜੀਤ ਸਿੰਘ ਖੋਖਰ** - ਗਰੀਬ ਅੰਮ੍ਰਿਤਧਾਰੀ ਸਿੱਖ ਦੇ ਵੱਲੋਂ ਕੱਚੇ ਬਾਲਿਆ ਵਾਲੇ ਕਮਰੇ ਨੂੰ ਰਿਪੇਅਰ ਕਰਾਉਣ ਦੀ ਜਿਲਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਲਾਈ ਗੁਹਾਰ। ਖ਼ਸਤਾ ਹਾਲ ਕਮਰੇ ਵਿੱਚ ਰਹਿਣ ਲਈ ਮਜਬੂਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਰਦੂਲ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ ਹਰਚੋਵਾਲ ਦੇ ਰਹਿਣ ਵਾਲੇ ਗੁਰਸਿੱਖ ਵਿਅਕਤੀ ਦੇ ਇੱਕ ਕਮਰੇ ਦੀ ਬਹੁਤ ਖ਼ਸਤਾ ਹਾਲਤ ਬਣੀ ਹੋਈ ਹੈ, ਜੋ ਕਿਸੇ ਵਕਤ ਡਿੱਗ ਸਕਦਾ ਹੈ। ਜਿਸ ਕਮਰੇ ਵਿਚ ਰਾਤ ਸਮੇਂ ਰਹਿਣ ਲਈ ਕਮਰਾ ਬਣਿਆਂ ਹੋਇਆ ਹੈ ਉਸ ਦੀ ਛੱਤ ਬਾਲਿਆ ਦੀ ਹਾਲਤ ਬਹੁਤ ਖ਼ਰਾਬ ਹੋ ਚੁੱਕੀ ਹੈ ,ਜ਼ੋ ਬਰਸਾਤਾਂ ਦੋਰਾਨ ਛੱਤ ਤੋਂ ਪਾਣੀ ਵਹਿਣ ਲੱਗ ਪੈਂਦਾ ਹੈ ਅਤੇ ਕਮਰੇ ਦੀ ਕੰਧ ਦੇ ਬਾਹਰੋਂ ਮੀਂਹ ਵਾਲਾਂ ਪਾਣੀ ਇਸ ਦੇ ਕਮਰੇ ਵਿਚ ਆਉਣ ਨਾਲ ਕਮਰਾ ਮੀਂਹ ਦੇ ਪਾਣੀ ਨਾਲ ਭਰ ਜਾਂਦਾ ਹੈ, ਜਿਸ ਨਾਲ ਮੀਹ ਪੈਣ ਨਾਲ ਇਸ ਦੀ ਹਾਲਤ ਖ਼ਰਾਬ ਹੋ ਜਾਂਦੀ ਹੈ ਦੂਸਰੇ ਪਾਸੇ ਇਹ ਵਿਅਕਤੀ ਭਿਆਨਕ ਬਿਮਾਰੀਆਂ ,ਲੱਤਾਂ ਦੀਆਂ ਦਰਦਾਂ ਤੋਂ ਪੀੜਤ ਹੈ ਜਿਸ ਦੇ ਇਲਾਜ਼ ਉੱਤੇ ਬਹੁਤ ਸਾਰਾ ਖਰਚਾ ਆ ਰਿਹਾ ਹੈ। ਇਸ ਗਰੀਬ ਸਿੱਖ ਸਰਦੂਲ ਸਿੰਘ ਦੀ ਮਦਦ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਕੌਂਸਲ ਮੈਂਬਰ ਭਾਈ ਗਗਨਦੀਪ ਸਿੰਘ ਰਿਆੜ ਨੇ ਪੰਜਾਬ ਸਰਕਾਰ ਜ਼ਿਲ੍ਹਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਸਰਦੂਲ ਸਿੰਘ ਦੇ ਕੱਚੇ ਘਰ ਦੀ ਛੱਤ ਬਦਲਣ ਲਈ ਸਰਕਾਰ ਨੂੰ ਗੁਹਾਰ ਲਗਾਈ ਜੋ ਕੇ ਕੱਚਿਆਂ ਘਰਾਂ ਦੀ ਰਿਪੇਅਰ ਕਰਨ ਲਈ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਤੌਰ ਤੇ ਗ੍ਰਾਂਟਾਂ ਜਾਰੀ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਜ਼ਿਲ੍ਹਾ ਡਿਪਟੀ ਕਮਿਸ਼ਨਰ ਤੋ ਮੰਗ ਕੀਤੀ ਕਿ ਸਬੰਧਤ ਵਿਭਾਗ ਨੂੰ ਤਰੁੰਤ ਹਦਾਇਤਾਂ ਜਾਰੀ ਕਰਦਿਆਂ ਕੱਚੇ ਘਰ ਦੀ ਗਿਰਦਾਵਰੀ ਕਰਵਾ ਕੇ ਗ੍ਰਾਂਟ ਜਾਰੀ ਕੀਤੀ ਜਾਵੇ। ਸਮਾਜ ਸੇਵੀ ਜਥੇਬੰਦੀਆਂ ਨੂੰ ਮਦਦ ਕਰਨ ਲਈ ਗੁਹਾਰ ਲਗਾਈ ਗਈ।

ਆਵਾਜ਼ਿ ਕੌਮ AWAZE QAUM International Newspaper & WEB TV



ਜਨਮ ਦਿਨ ਦੀਆਂ ਢੇਰ ਸਾਰੀਆਂ ਵਧਾਈਆਂ

ਬਲਜੀਤ ਕੌਰ
22 ਅਗਸਤ 1988

ਆਵਾਜ਼ਿ ਕੌਮ AWAZE QAUM International Newspaper & WEB TV

## ਦੇਸ਼ ਦੇ ਅਤੀ ਪਿਛੜੇ ਐਸ ਸੀ ਅਤੇ ਐਸ ਟੀ ਇਸ

# ਫੈਸਲੇ ਦਾ ਸਵਾਗਤ ਕਰਦੇ ਹਨ : ਵਿੱਕੀ ਪਰੋਚਾ



ਧੂਰੀ ( ਰਣਜੀਤ ਸਿੰਘ ਪੇਧਨੀ ) ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੇ ਮੁੱਖ ਦਫਤਰ ਸੰਗਰੂਰ ਬਾਈਪਾਸ ਧੂਰੀ ਵਿਖੇ ਵਿੱਕੀ ਪਰੋਚਾ ਧੂਰੀ ਕੌਮੀ ਪ੍ਰਧਾਨ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੀ ਅਗਵਾਈ ਹੇਠ ਮੀਟਿੰਗ ਹੋਈ। ਜਿਸ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ 01 ਅਗਸਤ 2024 ਨੂੰ ਜੋ ਐਸ ਸੀ,ਐਸ ਟੀ ਰਿਜਰਵੇਸ਼ਨ ਦੇ ਕੋਟੇ ਵਿੱਚ ਕੋਟਾ ਦਾ ਫੈਸਲਾ ਆਇਆ ਹੈ, ਉਹ ਦੇਸ਼ ਅੰਦਰ ਐਸ ਸੀ, ਐਸ ਟੀ ਸਮਾਜ ਦੇ ਪਛੜੇਪਣ ਦੇ ਪੂਰਾ ਸਰਵੇ ਕਰਨ ਤੋਂ ਬਾਅਦ ਕੀਤਾ ਗਿਆ ਹੈ।ਦੇਸ਼ ਦੇ ਅਤੀ ਪਿਛੜੇ ਐਸ ਸੀ ਅਤੇ ਐਸ ਟੀ ਇਸ ਫੈਸਲੇ ਦਾ ਸਵਾਗਤ ਕਰਦੇ ਹਨ। ਦੇਸ਼ ਦੀਆਂ ਕੁਝ ਰਾਜਨੀਤਿਕ ਪਾਰਟੀਆਂ ਆਪਣੀਆਂ ਰੋਟੀਆਂ ਸੇਕਣ ਲਈ ਜਿਸ ਦੇ ਵਿੱਚ ਬਹੁਜਨ ਸਮਾਜ ਪਾਰਟੀ ਅਤੇ ਚੰਦਰਸ਼ੇਖਰ ਦੀ ਆਜਾਦ ਸਮਾਜ ਪਾਰਟੀ ਸਾਮਿਲ ਹੈ।ਇਹ ਪਾਰਟੀਆਂ ਦੇਸ਼ ਦਾ ਮਾਹੌਲ ਖਰਾਬ ਕਰ ਰਹੀਆਂ ਹਨ ਅਤੇ ਅਤੇ ਆਪਸੀ ਭਾਈਚਾਰਾ ਖਰਾਬ ਕਰ ਰਹੀਆਂ ਹਨ ।ਇਹਨਾਂ ਪਾਰਟੀਆਂ ਨੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ 21 ਅਗਸਤ 2024 ਨੂੰ ਭਾਰਤ ਬੰਦ ਦੀ ਕਾਲ ਦੇ ਕੇ ਲੋਕਾਂ ਨੂੰ ਗੁਮਰਾਹ ਕੀਤਾ ਹੈ।ਪੰਜਾਬ ਵਿੱਚ ਭਾਰਤ ਬੰਦ ਦੀ ਕਾਲ ਦਾ ਕੋਈ ਅਸਰ ਨਹੀਂ ਹੋਇਆ ਅਤੇ ਪੂਰੀ ਤਰ੍ਹਾਂ ਫੇਲ ਰਿਹਾ।ਇਸ ਤੋਂ ਬਾਅਦ ਪ੍ਰਧਾਨ ਮੰਤਰੀ ਭਾਰਤ ਅਤੇ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ ਤਹਿਸੀਲਦਾਰ ਧੂਰੀ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਲੈਫਟੀਨੈਂਟ ਦਰਸ਼ਨ ਸਿੰਘ, ਕੈਪਟਨ ਦੀਦਾਰ ਸਿੰਘ,ਮਾਸਟਰ ਕਰਮਜੀਤ ਸਿੰਘ,ਅਜੇ ਪਰੋਚਾ, ਸੋਨੀ , ਵਿੱਕੀ,ਗੱਬਰ, ਹੈਪੀ ਲੰਕੇਸ਼,ਰਾਜਿੰਦਰ,ਲਾਡੀ,ਮਹਾਂਵੀਰ, ਯਾਦਵਿੰਦਰ,ਚੀਨਾ ਰਾਮ ਅਤੇ ਹੋਰ ਮੈਂਬਰ ਹਾਜਿਰ ਸਨ।

## ਕੰਗਣਾ ਰਨੌਤ ਦੀ ਫਿਲਮ ਐਮਰਜੈਂਸੀ ਦਾ ਫੈਡਰੇਸ਼ਨ ਮਹਿਤਾ ਨੇ ਲਿਆ ਗੰਭੀਰ ਨੋਟਿਸ

# ਫਿਲਮ ਨੂੰ ਕਿਸੇ ਵੀ ਕੀਮਤ ਤੇ ਪੰਜਾਬ ਵਿਚ ਨਹੀਂ ਹੋਣ ਦੇਵਾਂਗੇ ਰਿਲੀਜ਼-ਜਰਨੈਲ ਸਿੰਘ ਗਾਬੜੀਆ



ਫ਼ਿਰੋਜ਼ਪੁਰ, 21 ਅਗਸਤ (ਮਨੋਹਰ ਲਾਲ) :– ਗੱਲਬਾਤ ਕਰਦਿਆਂ ਜਰਨੈਲ ਸਿੰਘ ਗਾਬੜੀਆ ਨੇ ਕਿਹਾ ਕਿ ਸਿੱਖਾਂ ਦੇ ਹਿਰਦੇ ਵਲੂੰਧਰਣ ਕਰਕੇ ਕੰਗਨਾ ਰਨੌਤ ਇਸ ਦਾ ਨਤੀਜਾ ਏਅਰਪੋਰਟ ਤੇ ਪਹਿਲਾਂ ਹੀ ਭੁਗਤ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹਿਮਾਚਲ ਦੇ ਜ਼ਿਲ੍ਹਾ ਮੰਡੀ ਤੋਂ ਚੁਣੀ ਗਈ ਲੋਕ ਸਭਾ ਮੈਂਬਰ ਕੰਗਨਾ ਰਣੌਤ ਇੱਕ ਵਾਰ ਫਿਰ ਆਪਣੀਆਂ ਮਾੜੀਆਂ ਹਰਕਤਾਂ ਕਰਕੇ ਸਿੱਖ ਕੌਮ ਦੇ ਨਿਸ਼ਾਨੇ ਤੇ ਹੈ ਉਸ ਵੱਲੋਂ ਬਣਾਈ ਫਿਲਮ ਐਮਰਜੰਸੀ ਜੋ ਕਿ ਛੇ ਸਤੰਬਰ ਨੂੰ ਰਿਲੀਜ਼ ਹੋ ਰਹੀ ਹੈ ਜਿਸ ਵਿੱਚ ਸਿੱਖ ਕੌਮ ਦੇ ਨਾਇਕ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੂੰ ਖਾਲਿਸਤਾਨੀ ਸਾਬਤ ਕਰਨ ਦੀ ਜੋ ਕੋਸ਼ਿਸ਼ ਕੀਤੀ ਗਈ ਹੈ ਉਸ ਦਾ ਸਿੱਖ ਕੌਮ ਦੀ ਸੰਘਰਸ਼ਸ਼ੀਲ ਜਥੇਬੰਦੀ ਸਿੱਖ ਸਟੂਡੈਂਟ ਫੈਡਰੇਸ਼ਨ ਮਹਿਤਾ ਨੇ ਗੰਭੀਰ ਨੋਟਿਸ ਲਿਆ ਹੈ।ਗੱਲਬਾਤ ਕਰਦਿਆਂ ਸਿੱਖ ਸਟੂਡੈਂਟ ਫਡਰੇਸ਼ਨ ਦੇ ਕੌਮੀ ਸਕੱਤਰ ਜਰਨੈਲ ਸਿੰਘ ਗਾਬੜੀਆ ਨੇ ਕਿਹਾ ਕਿ 20ਵੀਂ ਸਦੀ ਦੇ ਜਰਨੈਲ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਾ ਵਾਲਿਆਂ ਨੇ ਹਮੇਸ਼ਾ ਹੀ ਅਨਿਆ ਵਿੱਧ ਆਪਣੀ ਆਵਾਜ਼ ਉਠਾਈ ਹੈ ਅਤੇ ਸਿੱਖਾਂ ਦੇ ਧਾਰਮਿਕ ਮਸਲਿਆਂ ਅਤੇ ਹੱਕਾਂ ਦੀ ਆਪਣੀ ਆਵਾਜ਼ ਉਠਾਈ ਹੈ, ਉਨ੍ਹਾਂ ਕਦੇ ਵੀ ਖਾਲਿਸਤਾਨ ਦੀ ਮੰਗ ਨਹੀਂ ਕੀਤੀ, ਜਦ ਕਿ ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਗਲਤ ਰੰਗਤ ਦੇ ਕੇ ਉਨ੍ਹਾਂ ਨੂੰ ਖਾਲਿਸਤਾਨ ਦੀ ਮੰਗ ਨਾਲ ਜੋੜ ਕੇ ਖਾਲਿਸਤਾਨੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ।ਗੱਲਬਾਤ ਕਰਦਿਆਂ ਜਰਨੈਲ ਸਿੰਘ ਗਾਬੜੀਆ ਨੇ ਕਿਹਾ ਕਿ ਉਸੇ ਤਰ੍ਹਾਂ ਹੀ ਹੁਣ ਕੰਗਨਾ ਰਨੌਤ ਕਰ ਰਹੀ ਹੈ ਜਿਸ ਦਾ ਨਤੀਜਾ ਉਹ ਏਅਰਪੋਰਟ ਤੇ ਪਹਿਲਾਂ ਹੀ ਭੁਗਤ ਚੁੱਕੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਐਮਰਜੈਂਸੀ ਫਿਲਮ ਨੂੰ ਐਮਰਜੈਂਸੀ ਦੇ ਹਾਲਾਤ ਤੱਕ ਹੀ ਸੀਮਿਤ ਰੱਖਣਾ ਚਾਹੀਦਾ ਸੀ ਨਾ ਕਿ ਸਿੱਖਾਂ ਨੂੰ ਕਤਲੋਗਾਰਦ ਕਰਕੇ ਖਾਲਿਸਤਾਨੀ ਪੱਖੀ ਸਾਬਤ ਕਰਨਾ ਚਾਹੀਦਾ ਸੀ।ਫੈਡਰੇਸ਼ਨ ਆਗੂ ਜਰਨੈਲ ਸਿੰਘ ਗਾਬੜੀਆ ਨੇ ਸਪਸ਼ਟ ਕੀਤਾ ਕਿ ਉਹ ਇਸ ਫਿਲਮ ਨੂੰ ਪੰਜਾਬ ਵਿੱਚ ਕਿਸੇ ਵੀ ਕੀਮਤ ਤੇ ਰਿਲੀਜ਼ ਨਹੀਂ ਹੋਣ ਦੇਣਗੇ। ਇਸ ਸਮੇਂ ਉਨ੍ਹਾਂ ਨਾਲ ਭਾਈ ਜਸਪਾਲ ਸਿੰਘ, ਸੁਖਦੇਵ ਸਿੰਘ ਲਾਡਾ, ਡਾਕਟਰ ਗੁਰਮੀਤ ਸਿੰਘ, ਜਸਵੀਰ ਸਿੰਘ ਤੇਗਾ ਸਿੰਘ ਵਾਲਾ, ਕੁਲਦੀਪ ਸਿੰਘ ਲੋਕੋ, ਅਵਤਾਰ ਸਿੰਘ ਜੋਸਨ, ਕੁਲਦੀਪ ਸਿੰਘ ਨੱਢਾ, ਜਸਵੀਰ ਸਿੰਘ, ਸਵਰਨ ਸਿੰਘ ਪੰਜਵੜ, ਹਰਜਿੰਦਰ ਸਿੰਘ ਬੱਗਾ ਆਦਿ ਹਾਜ਼ਰ ਸਨ।

# ਨਜਾਇਜ਼ ਤੌਰ ਤੇ ਚੱਲ ਰਹੇ ਲਾਟਰੀ ਸਟਾਲਾਂ ਨੂੰ ਬੰਦ ਕਰਵਾਏ ਫਿਰੋਜਪੁਰ ਪੁਲਿਸ-ਮਿੰਕੂ ਚੌਧਰੀ



ਫ਼ਿਰੋਜ਼ਪੁਰ, 21 ਅਗਸਤ (ਮਨੋਹਰ ਲਾਲ) :– ਇਲਾਕੇ ਵਿਚ ਫੈਲੀਆਂ ਕੁਰੀਤੀਆਂ ਦੇ ਚਲਦਿਆਂ ਸ਼ਿਵ ਸੈਨਾ ਦੀ ਹੰਗਾਮੀ ਮੀਟਿੰਗ ਫ਼ਿਰੋਜ਼ਪੁਰ ਵਿਖੇ ਹੋਈ, ਜਿਸ ਦੀ ਅਗਵਾਈ ਸ਼ਿਵ ਸੈਨਾ ਪੰਜਾਬ ਵਾਈਸ ਪ੍ਰਧਾਨ ਸ੍ਰੀ ਮਿੰਕੂ ਚੌਧਰੀ ਵੱਲੋਂ ਕੀਤੀ ਗਈ। ਗੱਲਬਾਤ ਕਰਦਿਆਂ ਮਿੰਕੂ ਚੌਧਰੀ ਨੇ ਦੱਸਿਆ ਕਿ ਪੰਜਾਬ ਪ੍ਰਧਾਨ ਸ਼੍ਰੀ ਹਰੀਸ਼ ਸਿੰਗਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੀਟਿੰਗ ਦੌਰਾਨ ਫਿਰੋਜਪੁਰ ਸ਼ਹਿਰ ਅਤੇ ਕੈਂਟ ਵਿੱਚ ਪਿਛਲੇ ਲੰਮੇ ਸਮੇਂ ਤੋਂ ਧੜੱਲੇ ਨਾਲ ਚੱਲ ਰਹੇ ਨਜਾਇਜ਼ ਲਾਟਰੀ ਦੇ ਧੰਦੇ ਬਾਰੇ ਵਿਚਾਰਾਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸ਼ਿਵ ਸੈਨਾ ਵੱਲੋਂ ਪਹਿਲਾਂ ਵੀ ਕਈ ਵਾਰ ਫਿਰੋਜ਼ਪੁਰ ਪੁਲਿਸ ਪ੍ਰਸ਼ਾਸਨ ਨੂੰ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਨਾਜਾਇਜ਼ ਤੌਰ ਤੇ ਚੱਲ ਰਹੇ ਲਾਟਰੀ ਸਟਾਲਾਂ ਨੂੰ ਬੰਦ ਕਰਵਾਇਆ ਜਾਵੇ, ਪਰ ਫਿਰੋਜ਼ਪੁਰ ਪੁਲਿਸ ਪ੍ਰਸ਼ਾਸਨ ਇਨ੍ਹਾਂ ਲਾਟਰੀ ਸਟਾਲਾਂ ਨੂੰ ਬੰਦ ਕਰਵਾਉਣ ਵਿੱਚ ਅਸਮਰਥ ਸਾਬਤ ਹੋਈ ਹੈ, ਜਿਸ ਕਰਕੇ ਸ਼ਿਵ ਸੈਨਾ ਨੇ ਫੈਸਲਾ ਲਿਆ ਹੈਂ ਕਿ ਜੇਕਰ ਫਿਰੋਜ਼ਪੁਰ ਸ਼ਹਿਰ ਅਤੇ ਕੈਂਟ ਵਿੱਚ ਨਜਾਇਜ਼ ਤੌਰ ਤੇ ਚੱਲ ਰਹੇ ਲਾਟਰੀ ਸਟਾਲਾਂ ਨੂੰ ਤੁਰੰਤ ਬੰਦ ਨਾ ਕਰਵਾਇਆ ਗਿਆ ਤਾਂ ਸ਼ਿਵ ਸੈਨਾ 25 ਅਗਸਤ ਨੂੰ ਇਨ੍ਹਾਂ ਲਾਟਰੀ ਸਟਾਲਾਂ ਦੇ ਬਾਹਰ ਧਰਨਾ ਪ੍ਰਦਰਸ਼ਨ ਅਤੇ ਵਿਰੋਧ ਪ੍ਰਦਰਸ਼ਨ ਕਰੇਗੀ। ਉਨ੍ਹਾਂ ਕਿਹਾ ਕਿ ਇਸ ਦੇ ਨਿਕਲਣ ਵਾਲੇ ਨਤੀਜਿਆਂ ਦੀ ਨਿਰੋਲ ਜਿੰਮੇਵਾਰੀ ਪੁਲਿਸ ਪ੍ਰਸ਼ਾਸਨ ਫ਼ਿਰੋਜ਼ਪੁਰ ਦੀ ਹੋਵੇਗੀ।

# ਦਿ ਡਿਸਟ੍ਰਿਕ ਪ੍ਰੈਸ ਕਲੱਬ ਫਿਰੋਜ਼ਪੁਰ ਦੀ ਸਮੂਹ ਟੀਮ ਵਲੋਂ ਨਵੀ ਤੈਨਾਤੀ ਲਈ ਉਹਨਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ



**ਫਿਰੋਜ਼ਪੁਰ, 21ਅਗਸਤ (ਸੁਖਮੰਦਰ ਸਿੰਘ ਸ਼ਾਤ)**-ਫਿਰੋਜ਼ਪੁਰ ਚ ਬਤੌਰ ਐਸ ਡੀ ਐਮ ਡਾ ਚਾਰੂਮਿਤਾ ਵਲੋਂ ਵਧੀਆਂ ਸੇਵਾਵਾਂ ਦੇਣ ਬਦਲੇ ਵਿਭਾਗ ਵਲੋਂ ਉਹਨਾਂ ਨੂੰ ਤਰੱਕੀ ਦੇ ਕੇ ਐਸ ਡੀ ਐਮ ਫਿਰੋਜ਼ਪੁਰ ਤੋ ਅਡੀਸ਼ਨਲ ਡਿਪਟੀ ਕਮਿਸ਼ਨਰ (ਜ) ਮੋਗਾ ਲਗਾਇਆ ਗਿਆ ਹੈ ਤੇ ਅੱਜ ਉਹਨਾਂ ਨੇ ਏ ਡੀ ਸੀ (ਜ) ਮੋਗਾ ਵਜੋ ਚਾਰਜ ਸੰਭਾਲ ਲਿਆ ਹੈ। ਇਸ ਮੋਕੇ ਤੇ ਉਹਨਾਂ ਮੀਡੀਆ ਨਾਲ ਰਾਬਤਾ ਕਾਇਮ ਕਰਦਿਆ ਕਿਹਾ ਕਿ ਮੈਨੂੰ ਫਿਰੋਜ਼ਪੁਰ ਵਾਸੀਆਂ ਤੋ ਹਰ ਸਾਇਡ ਤੋ ਸਹਿਯੋਗ ਮਿਲਿਆ ਤੇ ਉਨ੍ਹਾ ਦੁਆਰਾ ਦਿੱਤੇ ਸਹਿਯੋਗ ਲਈ ਮੈ ਹਮੇਸ਼ਾ ਉਹਨਾਂ ਦੀ ਰਿਣੀ ਰਹਾਂਗੀ। ਮੈ ਮੋਗਾ ਨਿਵਾਸੀਆਂ ਨੂੰ ਵਿਸ਼ਵਾਸ ਦਿਵਾਉਂਦੀ ਹਾਂ ਕਿ ਉਹਨਾ ਨੂੰ ਆਪਣੇ ਦਫਤਰੀ ਕੰਮਾਂ ਲਈ ਕਿਸੇ ਵੀ ਤਰਾਂ ਦੀ ਮੁਸ਼ਿਕਲ ਦਾ ਸਾਹਮਣਾ ਨਹੀ ਕਰਨਾ ਪਵੇਗਾ ਮੋਗੇ ਦਾ ਹਰ ਨਿਵਾਸੀ ਆਪਣੇ ਦਫਤਰੀ ਕੰਮਾਂ ਲਈ ਜਦੋ ਦਿਲ ਚਾਹੇ ਦਫਤਰੀ ਸਮੇ ਤੇ ਮੇਰੇ ਦਫਤਰ ਆ ਸਕਦਾ ਹੈ। ਸੋ ਮੈ ਦਫਤਰੀ ਸਟਾਫ ਨੂੰ ਵੀ ਅਪੀਲ ਕਰਦੀ ਹਾਂ ਕਿ ਲੋਕਾਂ ਦੇ ਪੈਡਿੰਗ ਪਏ ਕੰਮ ਪਹਿਲ ਦੇ ਆਧਾਰ ਤੇ ਕੀਤੇ ਜਾਣ ਤੇ ਜੇਕਰ ਕਿਸੇ ਵੀ ਕਰਮਚਾਰੀ ਨੂੰ ਕਿਸੇ ਵੀ ਤਰਾ ਦੀ ਦਿੱਕਤ ਆਉਦੀ ਹੈ ਤਾਂ ਉਹ ਮੇਰੇ ਨਾਲ ਰਾਬਤਾ ਕਾਇਮ ਕਰ ਸਕਦੇ ਹਨ।

# ਪਿੰਡ ਈਸੀ ਦੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਤੀਆਂ ਦਾ ਤਿਉਹਾਰ ਮਨਾਇਆ ਗਿਆ



**ਧੂਰੀ ( ਰਣਜੀਤ ਸਿੰਘ ਪੇਧਨੀ )**-ਤੀਆਂ ਦਾ ਤਿਉਹਾਰ ਪਿੰਡ ਪਿੰਡ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਪਿੰਡ ਦੀਆਂ ਵਿਆਹੀਆਂ ਕੁੜੀਆਂ ਤੇ ਕੁਆਰੀਆਂ ਕੁੜੀਆਂ ਪਿੰਡ ਸਾਂਝੀ ਥਾਂ ਤੇ ਇਕੱਠੀਆਂ ਹੁੰਦੀਆਂ ਹਨ, ਆਪਣੇ ਮਨ ਦੇ ਗੀਤ ਗਾਉਦੀਆਂ ਨੇ ਜਿਸ ਵਿਚ ਗਿੱਧੇ ਤੇ ਭੰਗੜੇ ਤੇ ਪੀਂਘਾਂ ਝੂਟਦੀਆਂ ਹਨ । ਇਸੇ ਹੀ ਤਹਿਤ ਪਿੰਡ ਈਸੀ ਵਿਖੇ ਪਿੰਡ ਦੇ ਨੋਜਵਾਨ ਆਮ ਆਦਮੀ ਦੇ ਆਗੂ ਸ:ਸਵਰਨ ਸਿੰਘ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਰਕਾਰੀ ਹਾਈ ਸਕੂਲ ਵਿੱਚ ਤੀਆਂ ਦਾ ਮੇਲਾ ਬੜੀ ਖੁਸ਼ੀ ਨਾਲ ਮਨਾਇਆ ਗਿਆ । ਜਿਸ ਵਿਚ ਸਮੂਹ ਸਕੂਲ ਦੇ ਸਟਾਫ ਨੂੰ ਸਨਮਾਨਿਤ ਕੀਤਾ ਗਿਆ ਤੇ ਸਕੂਲ ਦੇ ਵਿਦਿਆਰਥੀਆਂ ਨੂੰ ਕਾਪੀਆਂ ਪੈਨ ਜਮੈਟਰੀ ਨਾਲ ਸਨਮਾਨਿਤ ਕੀਤਾ ਗਿਆ, ਜਿਸ ਪਿੰਡ ਦੀਆਂ ਸਾਰੀਆਂ ਮੁਟਿਆਰਾਂ ਨੇ ਗਿੱਧਾ ਪਾਉਂਦੀਆਂ ਨੇ ਤੀਆਂ ਦੇ ਮੇਲੇ ਵਿੱਚ ਸ਼ਿਰਕਤ ਕੀਤੀ । ਇਜ ਮੌਕੇ ਸਵਰਨ ਸਿੰਘ ਵੱਲੋਂ ਸਾਰੀਆਂ ਮੁਟਿਆਰਾਂ ਨੂੰ ਫੁਲਕਾਰੀਆਂ ਤੇ ਪਰਾਂਦੀਆਂ ਨਾਲ ਸਨਮਾਨ ਕੀਤਾ ਗਿਆ ਗਿਆ। ਜਿਸ ਵਿਚ ਬਰੈਡ ਪਕੋੜਿਆਂ ਤੇ ਜਲੇਬੀਆਂ ਤੇ ਚਾਹ ਦੇ ਲੰਗਰ ਸਾਰਾ ਦਿਨ ਵਰਤਦੇ ਰਹੇ, ਨੋਜਵਾਨਾਂ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ, ਤੀਆਂ ਦਾ ਮੇਲਾ ਬੜੀ ਖੁਸ਼ੀ ਨਾਲ ਮਨਾਇਆ ਗਿਆ ਅੰਤ ਵਿਚ ਬਾਬਾ ਗੁਰਪ੍ਰੀਤ ਸਿੰਘ ਈਸੀ ਵੱਲੋਂ ਸਟੇਜ ਤੇ ਸਾਰੇ ਨਗਰ ਦੇ ਪਤਵੰਤੇ ਸੱਜਣਾ ਤੇ ਆਈਆਂ ਮੁਟਿਆਰਾਂ ਦਾ ਧੰਨਵਾਦ ਕੀਤਾ ਗਿਆ।

# ਸ੍ਰੀ ਨਵਲ ਕੁਮਾਰ, ਮਾਨਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਫਿਰੋਜਪੁਰ ਵੱਲੋਂ ਫਿਰੋਜਪੁਰ ਵਿਖੇ ਤਾਇਨਾਤ ਜੁਡੀਸ਼ੀਅਲ ਮੈਜਿਸਟ੍ਰੇਟਜ਼ ਨਾਲ ਕੌਮੀ ਲੋਕ ਅਦਾਲਤ ਸੰਬੰਧੀ ਕੀਤੀ ਮੀਟਿੰਗ



**ਫਿਰੋਜ਼ਪੁਰ, 21 ਅਗਸਤ (ਸੁਖਮੰਦਰ ਸਿੰਘ ਸ਼ਾਤ)**-ਮਾਨਯੋਗ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ. ਏ. ਐੱਸ. ਨਗਰ (ਮੋਹਾਲੀ) ਜੀਆਂ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸ਼੍ਰੀ ਵੀਰਇੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਜੀਆਂ ਦੀ ਰਹਿਨੁਮਾਈ ਹੇਠ ਸ੍ਰੀ ਨਵਲ ਕੁਮਾਰ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਫਿਰੋਜਪੁਰ ਵੱਲੋਂ ਹੈੱਡਕੁਆਰਟਰ ਫਿਰੋਜਪੁਰ ਵਿਖੇ ਤਾਇਨਾਤ ਜੁਡੀਸ਼ੀਅਲ ਮੈਜਿਸਟ੍ਰੇਟਜ਼ ਨਾਲ ਕੌਮੀ ਲੋਕ ਅਦਾਲਤ ਸਬੰਧੀ ਮੀਟਿੰਗ ਕੀਤੀ ਗਈ।ਇਸ ਮੌਕੇ ਤੇ ਮੈਡਮ ਅਨੁਰਾਧਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ—ਕਮ—ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੀ ਮੌਜੂਦ ਸਨ। ਜੱਜ ਸਾਹਿਬ ਵੱਲੋਂ ਮੀਟਿੰਗ ਵਿੱਚ ਹਾਜ਼ਰ ਜੁਡੀਸ਼ੀਅਲ ਅਫਸਰਾਂ ਨੂੰ ਮਿਤੀ 14 ਸਤੰਬਰ, 2024 ਨੂੰ ਲੱਗਣ ਜਾ ਰਹੀ ਕੌਮੀ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਨ ਲਈ ਨਿਰਦੇਸ਼ ਦਿੱਤੇ ਗਏ ਅਤੇ ਇਸ ਲੋਕ ਅਦਾਲਤ ਦੀ ਵੱਧ ਤੋਂ ਵੱਧ ਸਫਲਤਾ ਲਈ ਪ੍ਰੀ ਲੋਕ ਅਦਾਲਤਾਂ, ਮੀਡੀਏਸ਼ਨ ਸੈਂਟਰ ਦਾ ਸਾਥ ਲੈਣ ਲਈ ਵੀ ਕਿਹਾ। ਇਸ ਦੇ ਨਾਲ ਹੀ ਜੱਜ ਸਾਹਿਬ ਵੱਲੋਂ ਆਮ ਜਨਤਾ ਨੂੰ ਵੀ ਇਸ ਲੋਕ ਅਦਾਲਤ ਵਿੱਚ ਆਪਣੇ ਕੇਸ ਲਗਵਾਉਣ ਲਈ ਅਪੀਲ ਕੀਤੀ ਜਾਂਦੀ ਹੈ। ਇਸ ਲੋਕ ਅਦਾਲਤ ਫੈਸਲਾ ਹੋਏ ਕੇਸਾਂ ਦੀ ਕੋਈ ਅਪੀਲ ਦਲੀਲ ਨਹੀਂ ਹੁੰਦੀ ਹੈ ਲੋਕ ਅਦਾਲਤ ਵਿੱਚ ਹੋਏ ਫੈਸਲੇ ਨੂੰ ਡਿਕਰੀ ਦੀ ਮਾਨਤਾ ਪ੍ਰਾਪਤ ਹੈ ਅਤੇ ਇਹ ਫੈਸਲੇ ਤਸੱਲੀਬਖਸ਼ ਹੁੰਦੇ ਹਨ ਅਤੇ ਧਿਰਾਂ ਨੂੰ ਮੁੱਕਦਮੇ ਬਾਜੀ ਤੋਂ ਮੁਕਤੀ ਮਿਲਦੀ ਹੈ। ਇਸ ਮੌਕੇ ਉਨ੍ਹਾਂ ਬੋਲਦਿਆਂ ਦੱਸਿਆ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਲੋਕ ਅਦਾਲਤ ਸਬੰਧੀ ਕੋਈ ਵੀ ਲੋੜੀਂਦੀ ਜਾਣਕਾਰੀ ਚਾਹੀਦੀ ਹੋਵੇ ਤਾਂ ਉਹ ਹਰੇਕ ਕੰਮ ਕਾਜ ਵਾਲੇ ਦਿਨ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਨਾਲ ਸੰਪਰਕ ਕਰ ਸਕਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ

# 81ਵੀਂ ਬਰਸੀ ਸਮਾਗਮ ਵਿਖੇ ਮਹਾਂਪੁਰਸ਼ਾਂ ਨੇ ਆਪਣੀ ਹਾਜ਼ਰੀ ਭਰੀ

ਫ਼ਿਰੋਜ਼ਪੁਰ, 21 ਅਗਸਤ (ਮਨੋਹਰ ਲਾਲ) :- ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ ਬਰਸੀ ਸਮਾਗਮ ਜ਼ੋ ਕਿ 17 ਅਗਸਤ ਤੋਂ 25 ਅਗਸਤ ਤੱਕ ਬੜੀ ਸ਼ਰਧਾ ਭਾਵਨਾ ਨਾਲ ਚੱਲ ਰਿਹਾ ਹੈ। ਇਸ ਮੌਕੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਭਾਰੀ ਗਿਣਤੀ ਵਿਚ ਪਹੁੰਚੀਆਂ ਹੋਈਆਂ ਸਨ। ਇਨ੍ਹਾਂ ਸਮਾਗਮਾਂ ਦੀ ਹਾਜ਼ਰੀ ਭਰਨ ਲਈ ਬਲਵੀਰ ਸਿੰਘ ਸੀਚੇਵਾਲ, ਦਵਿੰਦਰ ਸਿੰਘ ਸੋਢੀ, ਡਾ: ਗੁਰਨਾਮ ਸਿੰਘ ਪਟਿਆਲਾ, ਸੰਤ ਭੁਪਿੰਦਰ ਸਿੰਘ ਰਾੜਾ ਸਾਹਿਬ ਪਹੁੰਚੇ ਹੋਏ ਸਨ। ਇਥੇ ਇਹ ਦਸਣਯੋਗ ਹੈ ਕਿ ਬਾਬਾ ਜੀ ਦੀ ਬਰਸੀ ਯੂ.ਕੇ ਦੀ ਧਰਤੀ ਤੇ ਸੰਤ ਬਾਬਾ ਨਾਹਰ ਸਿੰਘ ਜੀ ਨੇ ਵੱਡੇ ਪੱਧਰ ਤੇ ਮਨਾਉਣੀ ਆਰੰਭ ਕੀਤੀ ਸੀ ਅਤੇ 35 ਕਿਲਿਆਂ ਵਿਚ ਫਾਰਮ ਮੁੱਲ ਲੈ ਕੇ ਮਨਾਉਣਾ ਆਰੰਭ ਕੀਤਾ ਸੀ ਅਤੇ ਬਾਬੇ ਕੇ ਫਾਰਮ ਵਿਖੇ ਇੰਟਰਨੈਸ਼ਨਲ ਜਥੇ ਦੇ ਫਾਰਮ ਵਿਖੇ ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ 81ਵੀਂ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਤੇ ਜੁਝਾਰ ਸਿੰਘ, ਹਰਪਾਲ ਸਿੰਘ ਰਾਗੀ ਨੇ ਵੀ ਕਥਾ ਕੀਰਤਨ ਕੀਤਾ। ਇਸ ਮੌਕੇ ਤੇ ਤਰ੍ਹਾਂ-ਤਰ੍ਹਾਂ ਦੇ ਲੰਗਰ, ਪਕਵਾਨ ਚੱਲ ਰਹੇ ਹਨ, ਜਿਸ ਵਿਚ ਬੀਬੀ ਨਿੰਦਰ ਕੌਰ, ਬੀਬੀ ਜ਼ਸਬੀਰ ਕੌਰ, ਬੀਬੀ ਨਿਰੰਜਨ ਕੌਰ ਜ਼ੋ ਕਿ ਲੰਗਰ ਵਿਚ ਦਿਨ-ਰਾਤ ਸੇਵਾ ਕਰ ਰਹੀਆਂ ਹਨ, ਇਸ ਤੋਂ ਇਲਾਵਾ ਹੋਰ ਵੀ ਵੀਰ ਗੁਰਪ੍ਰੀਤ ਸਿੰਘ ਗੋਪੀ, ਅਮਰੀਕ ਸਿੰਘ ਮਿਨਾ ਵੀ ਸੇਵਾ ਸੰਭਾਲ ਕਰ ਰਹੇ ਹਨ। ਸਟੇਜ਼ ਦੀ ਸੇਵਾ ਜ਼ਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਵਾਰੀ-ਵਾਰੀ ਸੇਵਾ ਨਿਭਾਅ ਰਹੇ ਹਨ। ਇਸ ਮੌਕੇ ਤੇ ਜ਼ਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਨੇ ਦੱਸਿਆ ਕਿ ਇਸ ਵਾਰ ਇਨ੍ਹਾਂ ਸਮਾਗਮਾਂ ਵਿਚ ਕਾਫੀ ਜਿਆਦਾ ਭੀੜ ਹੈ ਅਤੇ ਹਰ ਵਾਰ ਅੱਗੇ ਨਾਲੋਂ ਜਿਆਦਾ ਸੰਗਤਾਂ ਦੂਰੋ-ਦੂਰੋ ਚੱਲ ਕੇ ਆ ਰਹੀਆਂ ਹਨ। ਇਸ ਮੌਕੇ ਤੇ ਹਰ ਤਰ੍ਹਾਂ ਦਾ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾ ਰਿਹਾ ਹੈ। ਇਸ ਮੌਕੇ ਤੇ ਜ਼ਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ, ਨਰਿੰਦਰ ਸਿੰਘ ਧੰਜਲ, ਹਰਜਿੰਦਰ ਸਿੰਘ ਸੈਭੀ, ਗੁਰਮੀਤ ਸਿੰਘ ਜੰਡ, ਧਰਮ ਸਿੰਘ ਅਤੇ ਹੋਰ ਅਹੁਦੇਦਾਰ ਤੇ ਮੈਂਬਰ ਦਿਨ-ਰਾਤ ਸੰਗਤਾਂ ਦੀ ਸੇਵਾ ਸੰਭਾਲ ਕਰ ਰਹੇ ਹਨ।




ਰਿਸ਼ਵਤਖੋਰ ਮੁਲਾਜ਼ਮਾਂ ਦੀ ਪੁਸ਼ਤ ਪਨਾਹੀ ਕੌਣ ਕਰ ਰਿਹੈ-ਗੁਰਚਰਨ ਸਿੰਘ ਭੁੱਲਰ

# ਵਿਧਾਇਕ ਰਣਬੀਰ ਸਿੰਘ ਭੁੱਲਰ ਤੇ ਰਜਨੀਸ਼ ਦਹੀਆ ਸਮੇਤ ਡਿਪਟੀ ਕਮਿਸ਼ਨਰ ਦੇਣ ਜਵਾਬ-ਭੁੱਲਰ


ਫ਼ਿਰੋਜ਼ਪੁਰ, 21 ਅਗਸਤ (ਮਨੋਹਰ ਲਾਲ) :- ਆਪਣੇ ਕੰਮ ਕਰਵਾਉਣ ਆਉਂਦੇ ਲੋਕਾਂ ਤੋਂ ਰਿਸ਼ਵਤ ਲੈਣ ਵਾਲੇ ਮੁਲਾਜ਼ਮਾਂ ਵਿਰੁੱਧ ਆਵਾਜ਼ ਬੁਲੰਦ ਕਰਦੇ ਆ ਰਹੇ ਗੁਰਚਰਨ ਸਿੰਘ ਭੁੱਲਰ ਪੀ.ਏ.ਸੀ ਮੈਂਬਰ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਜ਼ਿਲਾ ਪ੍ਰਧਾਨ ਫਿਰੋਜ਼ਪੁਰ ਨੇ ਮੀਡੀਆਂ ਰਾਹੀ ਐਮ.ਐਲ.ਏ ਫਿਰੋਜ਼ਪੁਰ ਸ਼ਹਿਰੀ, ਫਿਰੋਜਪੁਰ ਦਿਹਾਤੀ ਅਤੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਤੋਂ ਜਵਾਬ ਮੰਗਿਆ ਹੈ ਕਿ ਤਹਿਸੀਲ ਕੰਪਲੈਕਸ ਫਿਰੋਜ਼ਪੁਰ ਵਿੱਚ ਲੋਕਾਂ ਤੋਂ ਲੈਣ ਵਾਲੇ ਰਿਸ਼ਵਤ ਖੋਰ ਮੁਲਾਜਮਾਂ ਦੀ ਪੁਸ਼ਤ ਪਨਾਹੀ ਕੌਣ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮੁਲਾਜ਼ਮਾਂ ਨੂੰ ਅਜੇ ਤੱਕ ਉਨ੍ਹਾਂ ਸੀਟਾਂ ਤੋ ਬਦਲਿਆ ਨਹੀਂ ਗਿਆ-ਕਿਉਂ।



ਗੱਲਬਾਤ ਕਰਦਿਆਂ ਸ਼੍ਰੀ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਲੋਕਾਂ ਦੀ ਹੁੰਦੀ ਅੰਨੀ ਲੁੱਟ ਨੂੰ ਦੇਖਦਿਆ ਸ਼੍ਰੋਮਣੀ ਅਕਾਲੀ ਦਲ ਅਮ੍ਰਿੰਤਸਰ ਜ਼ਿਲਾ ਫਿਰੋਜ਼ਪੁਰ ਵੱਲੋਂ ਇੱਕ ਮੰਗ ਪੱਤਰ 28 ਜੁਲਾਈ 2024 ਨੂੰ ਉਪਰੋਕਤ ਸਰਕਾਰ ਦੇ ਹੁਕਮਰਾਨਾਂ ਨੂੰ ਦਿੱਤਾ ਗਿਆ ਸੀ ਕਿ ਤਹਿਸੀਲ ਵਿੱਚ ਰਿਸ਼ਵਤਖੋਰੀ ਬੰਦ ਕੀਤੀ ਜਾਵੇ ਅਤੇ ਭ੍ਰਿਸ਼ਟਾਚਾਰ ਕਰਨ ਵਾਲੇ ਮੁਲਾਜਮਾਂ ਦੀ ਤੁਰੰਤ ਬਦਲੀ ਕਰਕੇ ਉਨ੍ਹਾਂ ਦੀ ਜਗਾਹ ਸਾਫ-ਸੁਥਰੇ ਅਕਸ ਵਾਲੇ ਮੁਲਾਜਮਾਂ ਨੂੰ ਲਗਾਇਆ ਜਾਵੇ। ਉਨ੍ਹਾਂ ਕਿਹਾ ਕਿ ਮੰਗ ਪੱਤਰ ਦੇਣ ਸਮੇਂ ਡਿਪਟੀ ਕਮਿਸ਼ਨਰ ਸਾਹਿਬ ਨੇ ਅਤੇ ਰਜਨੀਸ਼ ਦਯੀਆ ਐਮ.ਐਲ.ਏ ਫਿਰੋਜ਼ਪੁਰ ਦਿਹਾਤੀ ਅਤੇ ਰਣਬੀਰ ਸਿੰਘ ਭੁੱਲਰ ਐਮ.ਐਲ.ਏ ਨੇ ਵਿਸ਼ਵਾਸ ਦਵਾਇਆ ਸੀ ਕਿ ਅਸੀਂ ਰਿਸ਼ਵਤਖੋਰ ਮੁਲਾਜਮਾਂ ਨੂੰ ਤੁਰੰਤ ਬਦਲਕੇ ਉਨ੍ਹਾਂ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕਰਾਂਗੇ, ਪਰ ਰਿਸ਼ਵਤਖੋਰ ਮੁਲਾਜਮਾਂ ਦੀ ਬਦਲੀ ਕਰਨ ਅਤੇ ਕਾਨੂੰਨੀ ਕਾਰਵਾਈ ਕਰਨ ਦੀ ਬਜਾਏ ਉਨ੍ਹਾਂ ਦੀ ਪੁਸ਼ਤ ਪਨਾਹੀ ਕੀਤੀ ਜਾ ਰਹੀ ਹੈ। ਗੱਲਬਾਤ ਕਰਦਿਆਂ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਇਨ੍ਹਾਂ ਦਿਨਾਂ ਵਿੱਚ ਕਈ ਕਾਂਡ ਤਹਿਸੀਲ ਵਿੱਚ ਹੋ ਚੁੱਕੇ ਹਨ, ਜਿਨ੍ਹਾਂ ਦੀਆਂ ਇਨਕੁਆਰੀਆਂ ਚੱਲ ਰਹੀਆਂ ਹਨ ਪਰ ਰਿਸ਼ਵਤਖੋਰੀ ਉਸੇ ਤਰ੍ਹਾਂ ਉਹ ਅਫਸਰ ਤੇ ਮੁਲਾਜ਼ਮ ਕਰ ਰਹੇ ਹਨ, ਇਥੇ ਇਹ ਸਮਝ ਆ ਰਹੀ ਹੈ ਕਿ ਕੁੱਤੀ ਚੋਰਾਂ ਨਾਲ ਰਲ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਨੁਮਾਇੰਦਿਆ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਮੁਲਾਜ਼ਮਾਂ ਦੀ ਤੁਰੰਤ ਬਦਲੀ ਕੀਤੀ ਜਾਵੇ ਅਤੇ ਰਿਸ਼ਵਤਖੋਰ ਮੁਲਾਜ਼ਮਾਂ ਤੇ ਕਾਰਵਾਈ ਕਰਕੇ ਆਪਣੀ ਕਹਿਣੀ ਤੇ ਕਥਨੀ ਨੂੰ ਇਕ ਕੀਤਾ ਜਾਵੇ ਤਾਂ ਜ਼ੋ ਲੋਕਾਂ ਦਾ ਵਿਸਵਾਸ਼ ਸਰਕਾਰੇ-ਦਰਬਾਰੇ ਕਾਇਮ ਹੋ ਸਕੇ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਦੀ ਰਿਸ਼ਵਤਖੋਰ ਮੁਲਾਜ਼ਮ ਦੀ ਪੁਸ਼ਤ ਪਨਾਹੀ ਕਰਨ ਦੀ ਵੀ ਲੋਕਾਂ ਵੱਲੋਂ ਅਵਾਜ ਆ ਰਹੀ ਹੈ। ਉਹ ਲੋਕ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਏ ਤਾ ਉਨ੍ਹਾਂ ਦੀਆਂ ਸਾਰੀਆਂ ਕਰਤੂਤਾਂ ਲੋਕਾਂ ਦੇ ਸਾਹਮਣੇ ਲਿਆਦੀਆਂ ਜਾਣਗੀਆਂ ਅਤੇ ਉਨ੍ਹਾਂ ਲੋਕਾਂ ਦਾ ਚਿਹਰਾ ਪਬਲਿਕ ਦੀ ਕਚਿਹਰੀ ਵਿੱਚ ਬੇਨਕਾਬ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਜਾਗਰੂਕ ਕਰਕੇ ਫਿਰੋਜ਼ਪੁਰ ਰਿਸ਼ਵਤ ਖੋਰੀ ਅਤੇ ਭ੍ਰਿਸ਼ਟਾਚਾਰ ਬੰਦ ਕਰਵਾਇਆ ਜਾਵੇਗਾ।

# ਪਿੰਡ ਰਜੀਵਾਲਾ ਵਿਖੇ ਲਾਇਆ ਦੰਦਾਂ ਦਾ ਮੁਫਤ ਚੈਕਅਪ ਕੈਂਪ

ਫ਼ਿਰੋਜ਼ਪੁਰ, 21 ਅਗਸਤ (ਮਨੋਹਰ ਲਾਲ) :- ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ ਫ਼ਿਰੋਜ਼ਪੁਰ ਦੇ ਪਿੰਡ ਰਾਜੀਵਾਲਾ ਵਿਖੇ ਦੰਦਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿਚ ਜੈਨੇਸਿਸ ਡੈਂਟਲ ਤੋਂ ਡਾ: ਸੁਕੀਰਤ ਕੌਰ ਨੇ ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ। ਇਸ ਮੌਕੇ ਡਾ: ਸੁਕੀਰਤ ਕੌਰ ਨੇ ਦੱਸਿਆ ਕਿ ਇਸ ਕੈਂਪ ਵਿਚ ਜ਼ਿਆਦਾਤਰ ਮਰੀਜ਼ ਦੰਦਾਂ ਦੀ ਸੜਨ ਅਤੇ ਦੰਦਾਂ ਦੀ ਸਮੱਸਿਆ ਤੋਂ ਪੀੜਤ ਪਾਏ ਗਏ, ਜਿਨ੍ਹਾਂ ਨੂੰ ਮੌਕੇ ਤੇ ਦੰਦਾਂ ਦੀ ਸੰਭਾਲ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਡਾ: ਸੁਕੀਰਤ ਕੌਰ ਨੇ ਮਰੀਜ਼ਾਂ ਨੂੰ ਦੰਦਾਂ ਦੀ ਸੰਭਾਲ ਲਈ ਸੁਝਾਅ ਸਾਂਝੇ ਕਰਦਿਆਂ ਦਿਨ ਵਿਚ ਦੋ ਵਾਰ ਬੁਰਸ਼ ਕਰਨ ਦੀ ਸਲਾਹ ਦਿੱਤੀ।



# ਜੈਨੇਸਿਸ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਵਿਖੇ ਆਰਥੋਪੈਡਿਕਸ, ਆਰਥਰੋਸਕੋਪੀ, ਸਪੋਰਟਸ ਅਤੇ ਲਿਗਾਮੈਂਟਸ ਦੀ ਓ.ਪੀ.ਡੀ ਕੀਤੀ ਆਯੋਜਤ

ਫ਼ਿਰੋਜ਼ਪੁਰ, 21 ਅਗਸਤ (ਮਨੋਹਰ ਲਾਲ) :- ਜੈਨੇਸਿਸ ਅਮਨਦੀਪ ਮਲਟੀਸਪੈਸ਼ਿਲਟੀ ਹਸਪਤਾਲ ਫ਼ਿਰੋਜ਼ਪੁਰ ਦਾ ਪਰਿਸਰ ਫਿਰ ਤੋਂ ਆਰਥੋਪੈਡਿਕਸ, ਆਰਥਰੋਸਕੋਪੀ, ਸਪੋਰਟਸ ਅਤੇ ਲਿਗਾਮੈਂਟਸ ਦੀ ਓ.ਪੀ.ਡੀ ਵਿਚ ਆਉਣ ਵਾਲੇ ਮਰੀਜ਼ਾਂ ਨਾਲ ਗੁਲਜ਼ਾਰ ਹੋ ਜਾਏਗਾ। ਇਸ ਓ.ਪੀ.ਡੀ ਵਿਚ ਡਾ: ਇੰਦਰਦੀਪ ਸਿੰਘ ਆਰਥੋਪੈਡਿਕਸ, ਆਰਥਰੋਸਕੋਪੀ, ਸਪੋਰਟਸ ਤੇ ਲਿਗਾਮੈਂਟਸ ਮਾਹਿਰ ਅਮਨਦੀਪ ਹਸਪਤਾਲ ਅੰਮ੍ਰਿਤਸਰ ਮਰੀਜ਼ਾਂ ਦੀ ਜਾਂਚ ਕਰਨਗੇ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ: ਅਮਨਦੀਪ ਕੌਰ ਡਾਇਰੈਕਟਰ ਅਮਨਦੀਪ ਹਸਪਤਾਲ ਅੰਮ੍ਰਿਤਸਰ ਅਤੇ ਡਾਇਰੈਕਟਰ ਸ਼੍ਰੀ ਗਗਨਦੀਪ ਸਿੰਘਲ, ਸੀ.ਏ, ਜੈਨੇਸਿਸ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਨੇ ਦੱਸਿਆ ਕਿ ਇਸ ਓ.ਪੀ.ਡੀ ਦਾ ਉਦੇਸ਼ ਆਰਥੋਪੈਡਿਕਸ, ਆਰਥਰੋਸਕੋਪੀ, ਖੇਡਾਂ ਅਤੇ ਲਿਗਾਮੈਂਟਸ ਨਾਲ ਸਬੰਧਤ ਸਮੱਸਿਆਵਾਂ ਤੋਂ ਪੀੜਤ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਵਿਚ ਹੀ ਉਪਲਬਧ ਲਾਗਤ-ਪ੍ਰਭਾਵਸ਼ਾਲੀ ਵਿਸ਼ਵ ਪੱਧਰੀ ਇਲਾਜਾਂ ਦੀ ਉਪਲਬਧਤਾ ਬਾਰੇ ਵੀ ਜਾਣੂ ਕਰਵਾਉਣਾ ਹੈ ਅਤੇ ਹਸਪਤਾਲ ਭਵਿੱਖ ਵਿੱਚ ਵੀ ਅਜਿਹੀਆਂ ਹੋਰ ਓ.ਪੀ.ਡੀਜ਼ ਆਯੋਜਤ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜੈਨੇਸਿਸ ਅਮਨਦੀਪ ਮਲਟੀਸਪੈਸ਼ਿਲਟੀ ਹਸਪਤਾਲ ਫ਼ਿਰੋਜ਼ਪੁਰ ਦਾ ਪ੍ਰਬੰਧਨ ਅਮਨਦੀਪ ਗਰੁੱਪ ਆਫ਼ ਹੌਸਪਿਟਲਜ਼ ਜੋ ਕਿ ਨਵੀਨਤਮ ਮੈਡੀਕਲ ਅਤੇ ਸਰਜੀਕਲ ਦਰਦ ਪ੍ਰਬੰਧਨ ਸਮਾਧਾਨਾਂ ਵਿੱਚ ਇੱਕ ਗਲੋਬਲ ਲੀਡਰ ਹੈ, ਦੁਆਰਾ ਕੀਤਾ ਜਾਂਦਾ ਹੈ, ਇਹ ਮੈਡੀਕਲ ਇਲਾਜ ਅਤੇ ਸਰਜਰੀ ਵਿੱਚ ਉੱਤਮਤਾ ਦੇ 34 ਸਾਲਾਂ ਦੇ ਇੱਕ ਸ਼ਾਨਦਾਰ ਇਤਿਹਾਸ ਦਾ ਮਾਲਕ ਹੈ। ਉਨ੍ਹਾਂ ਕਿਹਾ ਕਿ ਪੰਜ ਬਿਸਤਰਿਆਂ ਨਾਲ ਸ਼ੁਰੂ ਹੋਏ ਇਸ ਹਸਪਤਾਲ ਦੀ ਸਮਰੱਥਾ ਅੱਜ 750 ਤੋਂ ਵੱਧ ਕਾਰਜਸ਼ੀਲ ਬਿਸਤਰਿਆਂ ਤੱਕ ਪਹੁੰਚ ਗਈ ਹੈ ਅਤੇ ਇਸਦੇ ਕੋਲ 170 ਤੋਂ ਵੱਧ ਉੱਘੇ ਡਾਕਟਰਾਂ ਅਤੇ ਸਰਜਨਾਂ ਦੀ ਟੀਮ ਹੈ, ਜਿਨ੍ਹਾਂ ਨੇ 1.15 ਲੱਖ ਤੋਂ ਵੱਧ ਲੋਕਾਂ ਦੀ ਜ਼ਿੰਦਗੀ ਬਦਲ ਦਿੱਤੀ ਹੈ ਅਤੇ ਇਹ ਗਿਣਤੀ ਲਗਾਤਾਰ ਵੱਧਦੀ ਹੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਮਨਦੀਪ ਗਰੁੱਪ ਦੀਆਂ ਅੰਮ੍ਰਿਤਸਰ, ਪਠਾਨਕੋਟ, ਫਿਰੋਜ਼ਪੁਰ ਅਤੇ ਤਰਨਤਾਰਨ ਵਿੱਚ ਚਾਰ ਸ਼ਾਖਾਵਾਂ ਹਨ ਅਤੇ ਇਸ ਦੇ ਕੋਲ ਵੱਖ-ਵੱਖ ਖੇਤਰਾਂ ਵਿੱਚ ਵਿਸ਼ਵ ਪੱਧਰ ਤੇ ਪ੍ਰਸਿੱਧ ਡਾਕਟਰ ਅਤੇ ਸਰਜਨ ਹਨ।



# ਐਡਵੋਕੇਟ ਮਨਮੀਤ ਸਿੰਘ ਬਣੇ ਯੂਥ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ





ਫ਼ਿਰੋਜ਼ਪੁਰ, 21 ਅਗਸਤ (ਮਨੋਹਰ ਲਾਲ) :- ਪੰਜਾਬ, ਪੰਜਾਬੀਅਤ ਦੀ ਵਕਾਲਤ ਕਰਦੇ ਆ ਰਹੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿਚ ਸ਼ਾਮਲ ਹੋਣ ਵਾਲੀਆਂ ਦੀ ਲਗਾਤਾਰ ਗਿਣਤੀ ਵਧਦੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਆਗੂਆਂ ਨੇ ਦੱਸਿਆ ਕਿ ਲੰਘੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪੰਜਾਬ ਵਿੱਚ ਬਣੇ ਪੰਥਕ ਮਾਹੌਲ ਦੇ ਚੱਲਦਿਆਂ ਨੌਜਵਾਨਾਂ ਦਾ ਝੁਕਾਅ ਪੰਥਕ ਪਾਰਟੀਆਂ ਵਿੱਚ ਸ਼ਾਮਿਲ ਹੋਣ ਵੱਲ ਵੱਧ ਰਿਹਾ ਹੈ। ਜਿਸ ਦੇ ਚੱਲਦਿਆਂ ਯੂਥ ਅਕਾਲੀ ਦਲ ਅੰਮ੍ਰਿਤਸਰ ਦੇ ਪੰਜਾਬ ਪ੍ਰਧਾਨ ਤਜਿੰਦਰ ਸਿੰਘ ਦਿਓਲ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜਿਲ੍ਹਾ ਫਿਰੋਜਪੁਰ ਦੇ ਪ੍ਰਧਾਨ ਗੁਰਵਿੰਦਰ ਸਿੰਘ ਮਹਾਲਮ ਵੱਲੋਂ ਜ਼ਿਲ੍ਹੇ ਵਿੱਚ ਕੁੱਝ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਐਡਵੋਕੇਟ ਮਨਮੀਤ ਸਿੰਘ ਨੂੰ ਯੂਥ ਵਿੰਗ ਦਾ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਹਰਪ੍ਰੀਤ ਸਿੰਘ ਮਾਨ ਨੂੰ ਮੀਤ ਪ੍ਰਧਾਨ, ਰਣਜੀਤ ਸਿੰਘ ਮਾਨ ਨੂੰ ਜਰਨਲ ਸਕੱਤਰ, ਗੁਰਦਿੱਤ ਸਿੰਘ ਬਰਾੜ ਨੂੰ ਜਰਨਲ ਸਕੱਤਰ ਯੂਥ ਵਿੰਗ ਅਤੇ ਬੇਅੰਤ ਸਿੰਘ ਸੰਧੂ ਨੂੰ ਸਰਕਲ ਪ੍ਰਧਾਨ ਨਿਯੁਕਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਆਹੁਦੇਦਾਰਾਂ ਵੱਲੋਂ ਪਾਰਟੀ ਲਈ ਦਿਨ ਰਾਤ ਕੰਮ ਕਰਕੇ ਵਿਖਾਉਣ ਦਾ ਵਿਸ਼ਵਾਸ਼ ਦਿਵਾਇਆ। ਇਨ੍ਹਾਂ ਨਿਯੁਕਤੀਆਂ ਮੌਕੇ ਤਜਿੰਦਰ ਸਿੰਘ ਦਿਓਲ ਪ੍ਰਧਾਨ ਯੂਥ ਵਿੰਗ ਪੰਜਾਬ, ਜਤਿੰਦਰ ਸਿੰਘ ਥਿੰਦ ਜਰਨਲ ਸਕੱਤਰ ਯੂਥ ਵਿੰਗ ਪੰਜਾਬ, ਗੁਰਵਿੰਦਰ ਸਿੰਘ ਮਹਾਲਮ ਜਿਲ੍ਹਾ ਯੂਥ ਪ੍ਰਧਾਨ ਫਿਰੋਜਪੁਰ, ਜਗਜੀਤ ਸਿੰਘ ਸ਼ੁਸ਼ਕ ਦਫਤਰ ਸਕੱਤਰ ਫਿਰੋਜਪੁਰ ਆਦਿ ਆਗੂ ਮੌਜੂਦ ਸਨ।

### ਕੰਪੀਟੈਂਸੀ ਐਨਹਾਂਸਮੈਂਟ ਪਲਾਨ ਦੇ ਸਬੰਧ ਵਿੱਚ

# ਪਹਿਲੇ ਪੰਦਰਵਾੜੇ ਦਾ ਪ੍ਰੈਕਟਿਸ ਟੈਸਟ ਲਿਆ ਗਿਆ -ਮੁਨੀਲਾ ਅਰੋੜਾ

**ਫ਼ਿਰੋਜ਼ਪੁਰ, 21 ਅਗਸਤ (ਮਨੋਹਰ ਲਾਲ)** :- ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਯੋਗਤਾਵਾਂ-ਸਮਰੱਥਾਵਾਂ ਵਿੱਚ ਵਿਕਾਸ ਸਬੰਧੀ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ ਜਿਸ ਦੇ ਸਬੰਧ ਵਿੱਚ ਵਿਦਿਆਰਥੀਆਂ ਨੂੰ ਕੰਟੈਂਟ ਬੇਸਡ ਲਰਨਿੰਗ ਤੋਂ ਕੰਪੀਟੈਂਸੀ ਬੇਸਡ ਲਰਨਿੰਗ ਤੱਕ ਲੈ ਕੇ ਜਾਣ ਦਾ ਏਜੰਡਾ ਹੈ। ਇਸ ਸਬੰਧ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ) ਮੁਨੀਲਾ ਅਰੋੜਾ, ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਪ੍ਰਗਟ ਸਿੰਘ ਬਰਾੜ, ਡਾਇਟ ਪ੍ਰਿੰਸੀਪਲ ਸੀਮਾ ਪੰਛੀ ਅਤੇ ਡੀ.ਆਰ.ਸੀ.(ਅਪਰ ਪ੍ਰਾਇਮਰੀ) ਸੁਮਿਤ ਗਲਹੋਤਰਾ ਵੱਲੋਂ ਫਿਰੋਜਪੁਰ ਜ਼ਿਲ੍ਹੇ ਦੇ ਸਮੂਹ ਬਲਾਕ ਨੋਡਲ ਅਫਸਰਾਂ, ਸਕੂਲ ਪ੍ਰਿੰਸੀਪਲਾਂ ਅਤੇ ਹੈਡ ਮਾਸਟਰਾਂ, ਹੈਡਮਿਸਟ੍ਰੈੱਸਾਂ ਅਤੇ ਸਮੂਹ ਬੀ.ਆਰ.ਸੀ. ਨੂੰ ਸਮਰੱਥਾ ਆਧਾਰਿਤ ਸਿੱਖਿਆ ਪਲਾਨ ਤਹਿਤ ਸਿਖਲਾਈ ਪਿਛਲੇ

ਆਵਾਜ਼ਿ ਕੌਮ AWAZE QAUM
International Newspaper & WEB TV

ਹਫਤੇ ਦਿੱਤੀ ਜਾ ਚੁੱਕੀ ਹੈ, ਜਿਸ ਵਿੱਚ ਵਿਦਿਆਰਥੀਆਂ ਨੂੰ ਸਮੇਂ ਸਮੇਂ ਤੇ ਹੋਣ ਵਾਲੇ ਕੰਪੀਟੀਟਿਵ ਇਮਤਿਹਾਨਾਂ ਜਿਵੇਂ ਕਿ ਨੈਸ਼ਨਲ ਮੀਨਸ-ਕਮ-ਮੈਰਿਟ ਸਕਾਲਰਸ਼ਿਪ ਇਮਤਿਹਾਨ, ਨੈਸ਼ਨਲ ਟੈਲੈਂਟ ਸਰਚ ਐਗਜਾਮੀਨੇਸ਼ਨ, ਪੰਜਾਬ ਸਟੇਟ ਟੇਲੈਂਟ ਸਰਚ ਐਗਜਾਮੀਨੇਸ਼ਨ, ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਉਲੰਪੀਆਡਸ ਆਦਿ ਨੂੰ ਆਸਾਨੀ ਨਾਲ ਪਾਸ ਕਰ ਸਕਣ ਦੀ ਕਲਾਂ ਵਿੱਚ ਵਾਧਾ ਕਰਨ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਗਈ।



ਸ੍ਰੀ ਮੁਨੀਲਾ ਅਰੋੜਾ ਅਤੇ ਸ੍ਰੀ ਪ੍ਰਗਟ ਸਿੰਘ ਬਰਾੜ ਨੇ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਰਾਸ਼ਟਰੀ ਐਜੂਕੇਸ਼ਨ ਪਾਲਸੀ 2020, ਰਾਸ਼ਟਰੀ ਪਾਠਕ੍ਰਮ ਢਾਂਚਾ 2022, ਰਾਸ਼ਟਰੀ ਪਾਠਕ੍ਰਮ ਢਾਂਚਾ 2023, ਸਿੱਖਿਆ ਦੇ ਉਦੇਸ਼ ਅਤੇ ਖੇਤਰ, ਪਾਠਕ੍ਰਮ ਦੇ ਉਦੇਸ਼, ਸਿੱਖਿਆ ਸਮਰੱਥਾਵਾਂ ਅਤੇ ਸਿੱਖਣ ਪਰਿਣਾਮਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਅਤੇ ਜਿਲ੍ਹਾ ਪੱਧਰ ਤੇ ਬਲਾਕ ਪੱਧਰ ਤੇ ਬਣਨ ਵਾਲੀਆਂ ਕੋਰ ਕਮੇਟੀਆਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਸਮੂਹ ਬਲਾਕ ਨੋਡਲ ਅਫਸਰਾਂ, ਸਮੂਹ ਸਕੂਲ ਪ੍ਰਿੰਸੀਪਲਾਂ, ਸਕੂਲ ਮੁਖੀਆਂ ਨੂੰ ਇਨ੍ਹਾਂ ਕਮੇਟੀਆਂ ਵਿੱਚ ਬਣਦਾ ਰੋਲ ਅਦਾ ਕਰਨ ਲਈ ਪ੍ਰੇਰਿਤ ਕੀਤਾ। ਸ੍ਰੀ ਸੁਮਿਤ ਗਲਹੋਤਰਾ ਨੇ ਟਰੇਨਿੰਗ ਦੌਰਾਨ ਸਕੂਲਾਂ ਵਿੱਚ ਪੰਜਾਬ ਐਜੂਕੇਅਰ ਐਪ, ਵਟਸਐੱਪ, ਈ-ਮੇਲਾਂ ਰਾਹੀਂ ਸਮੇਂ-ਸਮੇਂ ਆਉਣ ਵਾਲੀਆਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਪ੍ਰੈਕਟਿਸ ਸ਼ੀਟਾਂ ਅਤੇ ਹਰ ਪੰਦਰਵਾੜ੍ਹੇ ਤੇ ਹੋਣ ਵਾਲੇ ਪ੍ਰੈਕਟਿਸ ਟੈਸਟਾਂ ਨੂੰ ਵਿਦਿਆਰਥੀਆਂ ਤੱਕ ਲੈ ਕੇ ਜਾਣ ਅਤੇ ਉਨ੍ਹਾਂ ਟੈਸਟਾਂ ਨੂੰ ਓ.ਐਮ.ਆਰ. ਸ਼ੀਟਾਂ ਤੇ ਹੱਲ ਕਰਵਾ ਕੇ, ਉਨ੍ਹਾਂ ਟੈਸਟਾਂ ਦਾ ਸਕੂਲ ਅਧਿਆਪਕਾਂ ਅਤੇ ਉਸ ਤੋਂ ਬਾਅਦ ਦੋ ਦਿਨਾਂ ਵਿੱਚ ਸਕੂਲ ਪ੍ਰਿੰਸੀਪਲਾਂ, ਸਕੂਲ ਮੁਖੀਆਂ ਦੁਆਰਾ ਵਿਸ਼ਲੇਸ਼ਣ ਕਰਕੇ ਆਪਣੇ ਬਲਾਕ ਦੇ ਬਲਾਕ ਨੋਡਲ ਅਫਸਰਾਂ ਅਤੇ ਬਲਾਕ ਰਿਸੋਰਸ ਕੋਆਰਡੀਨੇਟਰਾਂ ਨੂੰ ਸੌਂਪਣ ਅਤੇ ਉਨ੍ਹਾਂ ਵੱਲੋਂ ਨਤੀਜਿਆਂ ਦਾ ਵਿਸ਼ਲੇਸ਼ਣ ਕਰਕੇ ਅਗਾਂਊ ਪਲੈਨਿੰਗ ਕਰਨ ਸਬੰਧੀ ਵੀ ਵਿਸ਼ੇਸ਼ ਤੌਰ ਤੇ ਗੱਲਬਾਤ ਕੀਤੀ ਗਈ। ਉਪਰੋਕਤ ਪ੍ਰੋਗਰਾਮ ਦੇ ਸਬੰਧ ਵਿੱਚ ਸ੍ਰੀ ਮਨੀਲਾ ਅਰੋੜਾ ਨੇ ਦੱਸਿਆ ਕਿ ਇਸ ਹਫਤੇ 20 ਅਗਸਤ 2024 ਨੂੰ ਪਹਿਲੇ ਪੰਦਰਵਾੜੇ ਦਾ ਟੈਸਟ ਲਿਆ ਗਿਆ, ਜਿਸ ਵਿੱਚ ਫਿਰੋਜ਼ਪੁਰ ਜਿਲੇ ਦੇ 11 ਬਲਾਕਾਂ ਦੇ ਦੋ-ਦੋ ਸਕੂਲਾਂ ਦੀ ਸੈਂਪਲਿੰਗ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ (ਅਪਰ ਪ੍ਰਾਇਮਰੀ) ਸੁਮਿਤ ਗਲਹੋਤਰਾ ਅਤੇ ਸਬੰਧਤ ਬਲਾਕਾਂ ਦੇ ਬਲਾਕ ਰਿਸੋਰਸ ਕੋਆਰਡੀਨੇਟਰਾਂ ਦੁਆਰਾ ਕੀਤੀ ਗਈ। ਪ੍ਰੈਕਟਿਸ ਟੈਸਟ ਦੌਰਾਨ ਜ਼ਿਲ੍ਹਾ ਕੋਰ ਕਮੇਟੀ ਅਤੇ ਬਲਾਕ ਕੋਰ ਕਮੇਟੀਆਂ ਦੁਆਰਾ ਪ੍ਰੈਕਟਿਸ ਟੈਸਟ ਕਰਵਾਉਣ ਸਬੰਧੀ ਸਕੂਲਾਂ ਵਿੱਚ ਵਿਜਿਟਾਂ ਕੀਤੀਆਂ ਗਈਆਂ। ਪ੍ਰੈਕਟਿਸ ਟੈਸਟ ਦਾ ਮੁਲਾਂਕਣ ਕਰਕੇ ਉਸ ਦਾ ਨਤੀਜਾ ਸਟੇਟ ਨੂੰ ਭੇਜਿਆ ਜਾ ਰਿਹਾ ਹੈ ਤਾਂ ਕਿ ਉੱਚ ਅਧਿਕਾਰੀਆਂ ਵੱਲੋਂ ਵਿਸ਼ਲੇਸ਼ਣ ਕਰਕੇ ਵਿਦਿਆਰਥੀਆਂ ਦੀਆਂ ਮੌਜੂਦਾ ਸਿੱਖਣ ਪੱਧਤੀਆਂ ਵਿਚ ਵਿਕਾਸ ਬਾਰੇ ਅੰਦਾਜ਼ਾ ਲਗਾਇਆ ਜਾ ਸਕੇ।

# ਨਿਸ਼ਕਾਮ ਕੀਰਤਨੀ ਜਥੇ ਦੇ ਮੈਂਬਰ ਭਾਈ ਨਿਰਮਲ ਸਿੰਘ ਨੂੰ ਸਦਮਾ, ਮਾਤਾ ਦਾ ਹੋਇਆ ਦੇਹਾਂਤ



**ਚੌਕ ਮਹਿਤਾ, 21 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਜਾਣਕਾਰ ਹਲਕਿਆਂ ਵਿੱਚ ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਮਹਿਤਾ ਚੌਕ ਇਲਾਕੇ ਵਿੱਚ ਕਥਾ - ਕੀਰਤਨ ਦੀ ਫ੍ਰੀ ਸੇਵਾ ਨਿਭਾਉਣ ਵਾਲੇ, ਨਿਸ਼ਕਾਮ ਕੀਰਤਨੀ ਜਥੇ ਦੇ ਨਿਸ਼ਕਾਮ ਭਾਈ ਨਿਰਮਲ ਸਿੰਘ ਲਾਡੀ ਅਤੇ ਉਨ੍ਹਾਂ ਦੇ ਭਰਾਤਾ ਭਾਈ ਸੁਖਪਾਲ ਸਿੰਘ ਦੇ ਸਤਿਕਾਰਯੋਗ ਮਾਤਾ ਜੀ, ਮਾਤਾ ਕੁਲਵੰਤ ਕੌਰ ,ਧਰਮ ਪਤਨੀ ਸਵਰਗਵਾਸੀ ਸ੍ਰ ਬਲਬੀਰ ਸਿੰਘ ਵਾਸੀ ਮਹਿਤਾ ਚੌਕ ,ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ। ਉਹ ਤਕਰੀਬਨ 80 ਵਰ੍ਹਿਆਂ ਦੇ ਸਨ। ਉਹਨਾਂ ਦੀ ਮ੍ਰਿਤਕ ਦੇਹ ਦਾ ਸੈਂਕੜੇ ਸੇਜ਼ਲ ਅੱਖਾਂ ਦੀ ਮੌਜੂਦਗੀ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਅੰਤਿਮ ਯਾਤਰਾ ਵਿੱਚ ਨਿਸ਼ਕਾਮ ਕੀਰਤਨੀ ਜਥੇ ਦੇ ਮੁੱਖ ਸੇਵਾਦਾਰ ਮਾਸਟਰ ਜਸਵੰਤ ਸਿੰਘ, ਪ੍ਰਿੰਸੀਪਲ ਸੁਖਵਿੰਦਰ ਸਿੰਘ ਧਾਲੀਵਾਲ , ਡਾਕਟਰ ਹਰਦੀਪ ਸਿੰਘ ਕਿਸਾਨ ਆਗੂ, ਡਾਕਟਰ ਬਲਵੰਤ ਸਿੰਘ, ਗਿਆਨੀ ਨਰਿੰਦਰ ਸਿੰਘ, ਗਿਆਨੀ ਕੇਵਲ ਸਿੰਘ, ਡਾਕਟਰ ਗੁਰਿੰਦਰ ਸਿੰਘ ਅਤੇ ਹੋਰ ਬਹੁਤ ਸਾਰੇ ਲੋਕ ਵੀ ਮੌਜੂਦ ਸਨ। ਪਰਿਵਾਰਿਕ ਸੂਤਰਾਂ ਅਨੁਸਾਰ ਸਵਰਗਵਾਸੀ ਮਾਤਾ ਕੁਲਵੰਤ ਕੌਰ ਨਮਿੱਤ ਰੱਖੇ ਜਾਣ ਵਾਲੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਅਤੇ ਅੰਤਿਮ ਅਰਦਾਸ ਸਮਾਗਮ ਮਿਤੀ 25-08-2024 ਦਿਨ ਐਤਵਾਰ ਨੂੰ ਉਹਨਾਂ ਦੇ ਗ੍ਰਹਿ ਵਿਖੇ ਹੋਵੇਗਾ।

ਆਵਾਜ਼ਿ ਕੌਮ AWAZE QAUM
International Newspaper & WEB TV

# ਪੰਜਾਬ ਤੇ ਹਰਿਆਣਾ ਵਾਲੇ 'ਭਾਰਤ ਬੰਦ' ਲਈ ਨਹੀਂ ਮੰਨੇ, ਦੋਵਾਂ ਸੂਬਿਆਂ 'ਚ ਮੱਠਾ ਹੁੰਗਾਰਾ

**ਚੰਡੀਗੜ੍ਹ, 21 ਅਗਸਤ (ਆਵਾਜ਼ਿ ਕੌਮ ਬਿਊਰੋ)**-ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨਜਾਤੀਆਂ (ਐਸਟੀ) ਬਾਰੇ ਸੁਪਰੀਮ ਕੋਰਟ ਦੇ ਫੈਸਲੇ ਦਾ ਵਿਰੋਧ ਕਰਨ ਲਈ ਅੱਜ ਭਾਰਤ ਬੰਦ ਨੂੰ ਪੰਜਾਬ ਤੇ ਹਰਿਆਣਾ ਭਰ ਵਿੱਚ ਬਹੁਤਾ ਹੁੰਗਾਰਾ ਨਹੀਂ ਮਿਲਿਆ। ਪੰਜਾਬ ਵਿੱਚ ਕੁਝ ਥਾਵਾਂ 'ਤੇ ਜਨਜੀਵਨ ਵਿੱਚ ਵਿਘਨ ਪਿਆ। ਇਸੇ ਤਰ੍ਹਾਂ ਚੰਡੀਗੜ੍ਹ ਵਿੱਚ ਵੀ ਸਥਿਤੀ ਲਗਪਗ ਆਮ ਵਾਂਗ ਰਹੀ।ਬੈਂਕਿੰਗ ਸੇਵਾਵਾਂ ਤੇ ਵਿਦਿਅਕ ਸੰਸਥਾਵਾਂ ਤੇ ਵਪਾਰਕ ਅਦਾਰਿਆਂ ਦਾ ਸੰਚਾਲਨ ਆਮ ਸੀ।ਪੰਜਾਬ ਦੇ ਅਨੁਸੂਚਿਤ ਜਾਤੀ ਦੇ ਪ੍ਰਭਾਵ ਵਾਲੇ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਭਾਰੀ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਪੰਜਾਬ ਤੇ ਹਰਿਆਣਾ ਵਿੱਚ ਆਵਾਜਾਈ ਆਮ ਵਾਂਗ ਚੱਲ ਰਹੀ ਹੈ ਤੇ ਰਾਸ਼ਟਰੀ ਰਾਜ ਮਾਰਗਾਂ ਅਤੇ ਰੇਲ ਪਟੜੀਆਂ 'ਤੇ ਸਿਆਸੀ ਪਾਰਟੀਆਂ ਦੇ ਕਾਰਕੁਨਾਂ ਦੇ ਬੈਠਣ ਦੀ ਕੋਈ ਰਿਪੋਰਟ ਨਹੀਂ। ਇਨ੍ਹਾਂ ਦੋਵਾਂ ਰਾਜਾਂ ਵਿੱਚ ਕਿਤੇ ਵੀ ਕਿਸੇ ਅਣਸੁਖਾਵੀਂ ਘਟਨਾ ਦੀ ਕੋਈ ਰਿਪੋਰਟ ਨਹੀਂ ਹੈ। ਐਮਰਜੰਸੀ ਮੈਡੀਕਲ ਸੇਵਾਵਾਂ ਨੂੰ ਨਾਕਾਬੰਦੀ ਤੋਂ ਛੋਟ ਦਿੱਤੀ ਗਈ ਸੀ।'ਖੱਬੀਆਂ ਪਾਰਟੀਆਂ, ਝਾਰਖੰਡ ਮੁਕਤੀ ਮੋਰਚਾ, ਕਾਂਗਰਸ, ਰਾਸ਼ਟਰੀ ਜਨਤਾ ਦਲ ਤੇ ਬਹੁਜਨ ਸਮਾਜਵਾਦੀ ਪਾਰਟੀ (ਬਸਪਾ) ਨੇ ਦੇਸ਼ ਵਿਆਪੀ ਬੰਦ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਭਾਰਤ ਬੰਦ ਦੇ ਸਮਰਥਨ ਵਿੱਚ ਹੈ। ਬਸਪਾ ਵੱਲੋਂ ਜਲੰਧਰ ਦੇ ਰਾਮਾ ਮੰਡੀ ਚੌਕ, ਬੂਟਾ ਪਿੰਡ ਚੌਕ ਤੇ ਪਠਾਨਕੋਟ ਚੌਕ 'ਤੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਵਾਲਮੀਕਿ ਸਮਾਜ ਭਾਰਤ ਬੰਦ ਦੇ ਵਿਰੋਧ 'ਚ ਉੱਤਰ ਆਇਆ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦਾ ਸੁਝਾਅ ਸਹੀ ਹੈ। ਉਨ੍ਹਾਂ ਜਲੰਧਰ ਵਿੱਚ ਲੱਡੂ ਵੀ ਵੰਡੇ। ਵਾਲਮੀਕਿ ਸਭਾ ਦੇ ਚੇਅਰਮੈਨ ਰਾਜਕੁਮਾਰ ਰਾਜੂ ਨੇ ਕਿਹਾ ਕਿ ਜੇਕਰ ਕਿਸੇ ਨੇ ਦੁਕਾਨਾਂ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਇਸ ਦਾ ਵਿਰੋਧ ਕਰਨਗੇ। ਵਾਲਮੀਕਿ ਸਮਾਜ ਦੇ ਆਗੂ ਵਿਪਨ ਸੱਭਰਵਾਲ ਦੀ ਅਗਵਾਈ ਹੇਠ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਦਾ ਪੁਤਲਾ ਫੂਕਿਆ ਗਿਆ।



# ਕੌਂਸਲ ਨੇ ਧੂਮਧਾਮ ਨਾਲ ਮਨਾਇਆ ਸੀਨੀਅਰ ਸਿਟੀਜਨ ਡੇ-ਸ਼ਰਮਾ







**ਫ਼ਿਰੋਜ਼ਪੁਰ, 21 ਅਗਸਤ (ਮਨੋਹਰ ਲਾਲ)** :- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੀਨੀਅਰ ਸਿਟੀਜਨ ਕੌਂਸਲ ਰਜਿ: ਫਿਰੋਜਪੁਰ ਨੇ ਅੰਤਰਰਾਸ਼ਟਰੀ ਸੀਨੀਅਰ ਸਿਟੀਜਨ ਡੇ ਬੜੀ ਧੂਮ-ਧਾਮ ਨਾਲ ਮਨਾਇਆ। ਇਸ ਮੌਕੇ ਤੇ ਸ੍ਰੀ ਅਵਤਾਰ ਸਿੰਘ ਰਿਟਾਰਡ ਖਜ਼ਾਨਾ ਅਫਸਰ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਸੀਨੀਅਰ ਸਿਟੀਜਨ ਕੌਂਸਲ ਦੇ ਪ੍ਰਧਾਨ ਪੀ.ਡੀ ਸ਼ਰਮਾ ਨੇ ਦੱਸਿਆ ਕਿ ਕੌਂਸਲ ਸੀਨੀਅਰ ਸਿਟੀਜਨ ਦੀਆਂ ਖੁਸ਼ੀਆਂ ਲਈ ਵੱਖ-ਵੱਖ ਤਰ੍ਹਾਂ ਦੇ ਪ੍ਰੋਗਰਾਮ ਚਲਾਉਂਦੀ ਰਹਿੰਦੀ ਹੈ ਤਾਂ ਕਿ ਉਨ੍ਹਾਂ ਦਾ ਸਮਾਂ ਵਧੀਆ ਢੰਗ ਨਾਲ ਬੀਤ ਸਕੇ। ਸੀਨੀਅਰ ਸਿਟੀਜਨ ਕੌਂਸਲ ਪਿਛਲੇ ਲੰਮੇ ਸਮੇਂ ਤੋਂ ਸੀਨੀਅਰ ਸਿਟੀਜ਼ਨਾਂ ਦੀਆਂ ਮੁਸ਼ਿਕਲਾਂ ਦੇ ਨਿਵਾਰਨ ਲਈ ਦਿਨ ਰਾਤ ਕੰਮ ਕਰ ਰਹੀ ਹੈ ਅਤੇ ਅਜੋਕੇ ਯੁੱਗ ਵਿੱਚ ਪਰਿਵਾਰ ਭਾਵੇਂ ਛੋਟੇ ਹੋ ਰਹੇ ਹਨ ਪਰ ਬਜ਼ੁਰਗਾਂ ਦੇ ਸੰਭਾਲ ਦੀਆਂ ਮੁਸ਼ਿਕਲਾਂ ਦਾ ਘਰਾਂ ਵਿੱਚ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਨ੍ਹਾਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਦਿਨ-ਰਾਤ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਦੇ ਖਾਲੀ ਸਮੇਂ ਦਾ ਸਦ ਵਿਯੋਗ ਕਰਨ ਲਈ ਕਈ ਪ੍ਰੋਗਰਾਮ ਚਲਾਏ ਹੋਏ ਹਨ, ਸੀਨੀਅਰ ਸਿਟੀਜਨ ਕੌਂਸਲ ਬਜ਼ੁਰਗਾਂ ਦੀਆਂ ਖੁਸ਼ੀਆਂ ਲਈ ਹਰ ਸ਼ਨੀਵਾਰ ਹਾਸਿਆਂ ਦੀ ਪਟਾਰੀ ਪ੍ਰੋਗਰਾਮ ਚਲਾ ਰਹੀ ਹੈ, ਜਿਸ ਵਿੱਚ ਸੀਨੀਅਰ ਸਿਟੀਜਨ ਕਲਾਕਾਰ ਵਿਸ਼ੇਸ਼ ਤੌਰ ਤੇ ਹਿੱਸਾ ਲੈਂਦੇ ਹਨ ਤੇ ਵੱਖ-ਵੱਖ ਤਰ੍ਹਾਂ ਦੀਆਂ ਰਚਨਾਵਾਂ ਪੇਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਅੰਤਰਰਾਸ਼ਟਰੀ ਸੀਨੀਅਰ ਸਿਟੀਜਨ ਡੇ ਮਨਾਇਆ ਗਿਆ ਅਤੇ ਕੌਂਸਲ ਦੇ ਉਨ੍ਹਾਂ ਮੈਂਬਰਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਿਨ੍ਹਾਂ ਨੇ ਪਿਛਲੇ ਸਮੇਂ ਵਿੱਚ ਕੌਂਸਲ ਦੇ ਪ੍ਰੋਗਰਾਮ ਵਿੱਚ ਸੇਵਾ ਕੀਤੀ ਸੀ। ਇਸ ਮੌਕੇ ਤੇ 46 ਮੈਂਬਰਾਂ ਨੂੰ ਜਿਨਾਂ ਦੇ ਜਨਮਦਿਨ ਇਸ ਮਹੀਨੇ ਵਿੱਚ ਆਉਂਦੇ ਸਨ ਨੂੰ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਮੁੱਖ ਮਹਿਮਾਨ ਅਵਤਾਰ ਸਿੰਘ ਨੇ ਬੋਲਦਿਆਂ ਕਿਹਾ ਕਿ ਸੀਨੀਅਰ ਸਿਟੀਜਨ ਕੌਂਸਲ ਲੰਬੇ ਸਮੇਂ ਤੋਂ ਬਜ਼ੁਰਗਾਂ ਲਈ ਕੰਮ ਕਰ ਰਹੀ ਹੈ, ਬਜ਼ੁਰਗਾਂ ਦੀਆਂ ਮੁਸ਼ਿਕਲਾਂ ਦਾ ਨਿਵਾਰਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਉਥੇ ਬਜ਼ੁਰਗਾਂ ਦੀ ਸਿਹਤ ਦਾ ਵੀ ਉਚੇਚਾ ਧਿਆਨ ਰੱਖਦੀ ਹੈ। ਅੰਤ ਵਿੱਚ ਕੌਂਸਲ ਪ੍ਰਧਾਨ ਸ੍ਰੀ ਪੀ.ਡੀ ਸ਼ਰਮਾ ਅਤੇ ਹੋਰ ਅਹੁਦੇਦਾਰਾਂ ਵੱਲੋਂ ਮੁੱਖ ਮਹਿਮਾਨ ਨੂੰ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ੍ਰੀ ਰਵਿੰਦਰ ਕਪੂਰ ਵੱਲੋਂ ਸਮੂਹ ਮੈਂਬਰਾਂ ਵਿਚ ਲੱਡੂ ਵੰਡੇ ਗਏ, ਜਦੋਂ ਕਿ ਸੀਨੀਅਰ ਸਿਟੀਜਨ ਲਈ ਵਿਸ਼ੇਸ਼ ਤੌਰ ਤੇ ਚਾਹ ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਮੌਕੇ ਸਵਰਨ ਸਿੰਘ ਸੁਹਾਨਾ ਜਨਰਲ ਸਕੱਤਰ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ ਬੜੇ ਵਧੀਆ ਢੰਗ ਨਾਲ ਨਿਭਾਈ। ਹੋਰਨਾਂ ਤੋਂ ਇਲਾਵਾ ਸਰਵ ਸ਼੍ਰੀ ਪ੍ਰਦੀਪ ਕੁਮਾਰ ਉਪ ਪ੍ਰਧਾਨ, ਬਲਵੀਰ ਸਿੰਘ ਉਪ ਪ੍ਰਧਾਨ, ਮਹਿੰਦਰ ਪਾਲ ਬਜਾਜ ਉੱਪ ਪ੍ਰਧਾਨ, ਵਿਨੋਦ ਗਰੋਵਰ, ਚੀਫ ਵਿਤ ਸਕੱਤਰ ਹਰੀ ਚੰਦ ਚੋਪੜਾ ਜਨਰਲ ਸਕੱਤਰ ਮੱਖਣ ਲਾਲ ਵਿੱਤ ਸਕੱਤਰ ਅੰਮ੍ਰਿਤ ਸੋਡੀ ਵਿਤ ਸਕੱਤਰ, ਸੀ.ਜੇ ਮਹਾਜਨ, ਰਵਿੰਦਰ ਕਪੂਰ, ਜੋਗਿੰਦਰ ਸਿੰਘ, ਅਸ਼ੋਕ ਕਪਾਹੀ, ਅਸ਼ੋਕ ਕੁੱਕੜ, ਨੌ ਨਿਹਾਲ ਸਿੰਘ ਅਤੇ ਵੱਡੀ ਗਿਣਤੀ ਲੇਡੀਜ ਮੈਂਬਰ ਸ਼ਾਮਿਲ ਹੋਏ।

ਆਵਾਜ਼ਿ ਕੌਮ AWAZE QAUM
International Newspaper & WEB TV

# ਜਨਮ ਦਿਨ ਮੁਬਾਰਕ



**ਦਿਵਜੋਤ ਸਿੰਘ**
ਪਿਤਾ ਯਾਦਵਿੰਦਰ ਸਿੰਘ, ਮਾਤਾ ਰਮਨਪ੍ਰੀਤ ਕੌਰ
ਪਿੰਡ ਚੂੰਗ, ਤਹਿ ਬਾਬਾ ਬਕਾਲਾ , ਜਿਲ੍ਹਾ ਅੰਮ੍ਰਿਤਸਰ

### ਸੂਬੇਦਾਰ ਸੁਰਿੰਦਰ ਸਿੰਘ ਨਮਿਤ

# ਅੰਤਿਮ ਅਰਦਾਸ ਦੇ ਭੋਗ ਪਾਏ ਗਏ








ਚੌਕ ਮਹਿਤਾ 21 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ ) ਉਘੇ ਸਮਾਜ ਸੇਵੀ ਸੂਬੇਦਾਰ ਸੁਰਿੰਦਰ ਸਿੰਘ ਨਮਿਤ ਅਰਦਾਸ ਭੋਗ ਪਾਏ ਗਏ।ਉਪਰੰਤ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਜੀ ਹਜ਼ੂਰੀ ਰਾਗੀ ਭਾਈ ਰਣਜੀਤ ਸਿੰਘ ਜੀ ਨੇ ਵੈਰਾਗ ਮਈ ਕੀਰਤਨ ਸੰਗਤਾਂ ਨੂੰ ਸਰਵਨ ਕਰਵਾਏ। ਉਪਰੰਤ ਭਾਈ ਲਖਵਿੰਦਰ ਸਿੰਘ ਨੇ ਦੱਸਿਆ ਕਿ ਸੂਬੇਦਾਰ ਸੁਰਿੰਦਰ ਸਿੰਘ ਜੀ ਦੀ ਉਮਰ ਤਕਰੀਬਨ 70 ਸਾਲ ਦੀ ਸੀ ਉਨ੍ਹਾਂ ਨੇ ਦੇਸ ਦੀ ਰਾਖੀ ਲਈ ਫੌਜ ਵਿੱਚ ਸੇਵਾ ਨਿਭਾਈ, ਉਪਰੰਤ ਪੰਜ ਸਾਲ ਪੰਤਾਇਤ ਦੇ ਮੈਬਰ ਰਹੇ। ਅਨੇਕਾਂ ਹੀ ਪਿੰਡ ਅਤੇ ਇਲਾਕੇ ਦੇ ਸਮਾਜ ਭਲਾਈ ਦੇ ਕਾਰਜ ਕੀਤੇ ਉਨ੍ਹਾਂ ਨੇ ਦੱਸਿਆ ਕਿ ਸੂਬੇਦਾਰ ਸੁਰਿੰਦਰ ਸਿੰਘ ਜੀ ਨੇ ਅਤੇ ਸੰਤ ਬਾਬਾ ਕਵਲਜੀਤ ਸਿੰਘ ਜੀ ਸਹਿਯੋਗ ਨਾਲ ਪਿੰਡ ਵਿੱਚ ਸਰਕਾਰੀ ਬੈਕ ਲਿਆਦਾਂ ਤਾਂ ਜੋ ਬਜ਼ੁਰਗ ,ਅੰਗਹੀਣ, ਵਿਧਵਾ ਬੀਬੀਆਂ ਪੈਨਸ਼ਨ ਲੈਣ ਲਈ ਦੂਰ ਦੁਰਾਡੇ ਜਾਣਾ ਪੈਦਾ ਸੀ। ਉਹ ਲੋਕ ਪਿੰਡ ਵਿੱਚ ਹੀ ਪੈਨਸ਼ਨ ਬੈਕ ਤੋਂ ਪ੍ਰਾਪਤ ਕਰ ਸਕਣ,। ਫਿਰ ਉਨ੍ਹਾਂ ਨੇ ਖਡੂਰ ਸਾਹਿਬ ਜੀ ਕਾਲਜ ਵਿੱਚ ਹੈਡ ਕਲੱਰਕ ਦੀ ਸੇਵਾ ਨਿਭਾਈ ਇਸ ਮੌਕੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਵਿੱਤਰ ਪਾਵਨ ਅਸਥਾਨ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਦੇ ਮੁੱਖੀ ਸੰਤ ਬਾਬਾ ਸੱਜਣ ਸਿੰਘ, ਗੁਰਦੁਆਰਾ ਨਾਗੀਆਨ ਸਾਹਿਬ ਸਾਹਿਬ ਜੀ ਦੇ ਮੁੱਖੀ ਸੰਤ ਬਾਬਾ ਕਵਲਜੀਤ ਸਿੰਘ, ਪਵਿੱਤਰ ਪਾਵਨ ਅਸਥਾਨ ਖਡੂਰ ਸਾਹਿਬ ਤੋਂ ਸੰਤ ਬਾਬਾ ਸੇਵਾ ਸਿੰਘ ਜੀ ਸੇਵਾਦਾਰਾਂ ਨੇ ਸੂਬੇਦਾਰ ਸੁਰਿੰਦਰ ਸਿੰਘ ਜੀ ਸਪੁੱਤਰ ਨੂੰ ਸਿਰਪਾਉ ਦਿੱਤਾ ਗਿਆ। ਇਸ ਮੌਕੇ ਤੇ ਚੇਅਰਮੈਨ ਕੰਵਰਪਾਲ ਸਿੰਘ ਮਾਨ, ਗੁਰਮੀਤ ਸਿੰਘ ਮਾਨ, ਅਜੀਤ ਸਿੰਘ, ਕੁਲਵੰਤ ਸਿੰਘ, ਜਸਵੰਤ ਸਿੰਘ, ਲਖਵਿੰਦਰ ਸਿੰਘ, ਸੈਕਟਰੀ ਸਰਬਜੀਤ ਸਿੰਘ, ਹਰਪ੍ਰੀਤ ਸਿੰਘ, ਅਮਰਪਰੀਤ ਸਿੰਘ, ਮਹਿੰਦਰ ਸਿੰਘ, ਸਰਬਜੀਤ ਸਿੰਘ ਇੰਦਰ ਸਿੰਘ ਸਰਪੰਚ ਸਿੰਘ, ਲਾਭ ਸਿੰਘ ਬੱਗਾ, ਡਾ, ਹਰਨੇਕ ਸਿੰਘ, ਅਮਰੀਕ ਸਿੰਘ ਕਾਲਾ, ਬੂਟਾ ਸਿੰਘ, ਡਾ, ਵਿਕਰਮ ਸਿੰਘ, ਅਵਤਾਰ ਸਿੰਘ ਰਾਜੂ ਤਰਸਿੱਕਾ, ਕੁਲਵਿੰਦਰ ਸਿੰਘ ਫੋਜੀ ਜਲਾਲ, ਲਖਵਿੰਦਰ ਸਿੰਘ ਜੰਡੂ ਚੰਨਣਕੇ ਆਦਿ ਰਿਸਤੇਦਾਰ, ਇਲਾਕੇ ਨਿਵਾਸੀ ਹਾਜ਼ਰ ਸਨ।

# ਰਾਜਸਥਾਨ ਤੋਂ ਪਰਚਾ ਭਰਦੇ ਹੀ ਰਵਨੀਤ ਬਿੱਟੂ ਦਾ ਕਿਸਾਨ ਲੀਡਰਾਂ 'ਤੇ ਹਮਲਾ, ਵਿਦੇਸ਼ਾਂ ਤੋਂ ਹੋ ਰਹੀ ਫੰਡਿੰਗ

**ਚੰਡੀਗੜ੍ਹ, 21 ਅਗਸਤ (ਆਵਾਜ਼ਿ ਕੌਮ ਬਿਊਰੋ)**-ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਸਾਨ ਲੀਡਰਾਂ ਉਪਰ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੇ ਕਈ ਕਿਸਾਨ ਆਗੂਆਂ ਨੂੰ ਵਿਦੇਸ਼ਾਂ ਤੋਂ ਫੰਡ ਮਿਲ ਰਹੇ ਹਨ। ਅਸਲੀ ਕਿਸਾਨ ਤਾਂ ਆਪਣੇ ਖੇਤਾਂ ਵਿੱਚ ਰੁੱਝੇ ਹੋਏ ਹਨ। ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅੱਜ ਰਾਜਸਥਾਨ ਵਿੱਚ ਰਾਜ ਸਭਾ ਲਈ ਨਾਮਜ਼ਦਗੀ ਦਾਖ਼ਲ ਕਰਨ ਮਗਰੋਂ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਕਿਸਾਨ ਆਗੂ ਸੰਸਦ ਦੇ ਅੰਦਰ ਦੋ ਵਾਰ ਰਾਹੁਲ ਗਾਂਧੀ ਨੂੰ ਮਿਲ ਚੁੱਕੇ ਹਨ। ਭਾਜਪਾ ਸਰਕਾਰ ਕਿਸਾਨਾਂ ਪ੍ਰਤੀ ਗੰਭੀਰ ਹੈ। ਉਨ੍ਹਾਂ ਨੇ ਕਿਹਾ ਕਿ ਕਿਸਾਨ ਲੀਡਰ ਆਪਣੀ ਚੌਧਰ ਲਈ ਅੰਦਲਨ ਕਰ ਰਹੇ ਹਨ। ਉਧਰ, ਇਸ ਦੇ ਨਾਲ ਹੀ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਕੇਂਦਰ ਵਿੱਚ ਤੁਹਾਡੀ ਸਰਕਾਰ ਹੈ। ਤੁਹਾਨੂੰ ਇਹ ਜਾਂਚ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਕਿਸਾਨਾਂ ਨਾਲ ਧੋਖਾ ਕਰ ਰਹੀ ਹੈ। ਵਾਅਦਾ ਕਰਨ ਦੇ ਬਾਵਜੂਦ ਮੰਗਾਂ ਨਹੀਂ ਮੰਨ ਰਹੀ। ਦਰਅਸਲ ਜਦੋਂ ਪੱਤਰਕਾਰਾਂ ਨੇ ਰਵਨੀਤ ਬਿੱਟੂ ਤੋਂ ਪੁੱਛਿਆ ਕਿ ਕਿਸਾਨਾਂ ਦੀ ਨਾਰਾਜ਼ਗੀ ਵੱਡਾ ਮੁੱਦਾ ਹੈ ਤਾਂ ਉਨ੍ਹਾਂ ਕਿਹਾ ਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਕਿਸਾਨ ਨਾਰਾਜ਼ ਹਨ। ਕੁਝ ਕਿਸਾਨ ਆਗੂ ਹਨ। ਪਹਿਲਾਂ ਉਹ ਕਹਿੰਦੇ ਸਨ ਕਿ ਅਸੀਂ ਕਿਸੇ ਦੇ ਨਾਲ ਨਹੀਂ ਹਾਂ। ਭਾਜਪਾ ਸਰਕਾਰ ਸਾਨੂੰ ਅੱਗੇ ਨਹੀਂ ਆਉਣ ਦਿੰਦੀ ਪਰ ਹੁਣ ਤੁਸੀਂ ਸਭ ਦੇਖ ਲਿਆ ਹੈ। ਦੇਸ਼ ਦੀ ਸੰਸਦ ਇੱਥੇ ਹੈ। ਭਾਜਪਾ ਦੀ ਸਰਕਾਰ ਹੈ। ਸੈਸ਼ਨ ਚੱਲ ਰਿਹਾ ਹੈ। ਇਸੇ ਦੌਰਾਨ ਕਿਸਾਨ ਆਗੂ ਦਿੱਲੀ ਵੀ ਗਏ। ਜਦੋਂ ਉਹ ਸੰਸਦ ਦੇ ਅੰਦਰ ਗਏ ਤਾਂ ਰਾਹੁਲ ਗਾਂਧੀ ਦੇ ਦਫ਼ਤਰ ਵਿੱਚ ਬੈਠੇ। ਉਹ ਇੱਕ ਵਾਰ ਨਹੀਂ ਸਗੋਂ ਦੋ ਵਾਰ ਸੰਸਦ ਵਿੱਚ ਆਏ। ਉਨ੍ਹਾਂ ਨੇ ਕਿਹਾ ਕਿ ਜੇ ਕੋਈ ਬੰਦਾ ਬੰਬ, ਪੱਥਰ, ਕ੍ਰਿਪਾਨ ਤੇ ਹਥਿਆਰ ਲੈ ਕੇ ਜਾਏਗਾ ਤਾਂ ਉਸ ਨੂੰ ਰੋਕਿਆ ਜਾਵੇਗਾ। ਭਾਵੇਂ ਉਹ ਰਾਜਸਥਾਨ ਦਾ ਹੀ ਕਿਉਂ ਨਾ ਹੋਵੇ ਪਰ ਜੇਕਰ ਕਿਸਾਨ ਆਗੂ ਦਿੱਲੀ ਵਿੱਚ ਕਿਸੇ ਨੂੰ ਮਿਲਣਾ ਚਾਹੁੰਦੇ ਹਨ ਤਾਂ ਉਹ ਮਿਲ ਸਕਦੇ ਹਨ। ਉਨ੍ਹਾਂ ਨੂੰ ਕੌਣ ਰੋਕ ਰਿਹਾ ਹੈ ? ਸਮੁੱਚੀ ਲੀਡਰਸ਼ਿਪ ਮਿਲ ਕੇ ਆਈ ਹੈ। ਬਿੱਟੂ ਨੇ ਕਿਹਾ ਕਿ ਕਿਸਾਨ ਆਗੂ ਗੁੰਮਰਾਹ ਕਰ ਰਹੇ ਹਨ। ਅੱਜ ਪੰਜਾਬ ਦੇ ਹਾਲਾਤ ਕੀ ਹਨ ? ਗਡਕਰੀ ਸਾਹਿਬ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਹੈ। ਚਾਹੇ ਉਹ ਰਾਸ਼ਟਰੀ ਰਾਜਮਾਰਗ, ਹਵਾਈ ਅੱਡਾ ਜਾਂ ਰੇਲਵੇ ਟਰੈਕ ਹੋਵੇ। ਇਹ ਲੋਕ ਇੱਕ ਇੰਚ ਵੀ ਨਹੀਂ ਬਣਨ ਦਿੰਦੇ। ਬਲੈਕਮੇਲ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਕਿਸਾਨ ਜ਼ਮੀਨ ਦੇਣ ਲਈ ਤਿਆਰ ਹੈ ਪਰ ਇਹ ਕੁਝ ਕਿਸਾਨ ਆਗੂ ਉਨ੍ਹਾਂ ਨੂੰ ਰੋਕਦੇ ਹਨ। ਪੰਜਾਬ ਨੂੰ ਇਨ੍ਹਾਂ ਪ੍ਰਾਜੈਕਟਾਂ ਦਾ ਲਾਭ ਹੋਵੇਗਾ। ਪੰਜਾਬ ਦੇ ਕਾਰੋਬਾਰ ਫੇਲ੍ਹ ਹੋ ਗਏ ਹਨ। ਲੋਕ ਕਾਰਖਾਨੇ ਬੰਦ ਕਰਕੇ ਚਲੇ ਗਏ ਹਨ। ਕਿਸਾਨ ਆਗੂ ਆਪਣੀਆਂ ਜੇਬਾਂ ਭਰਨ ਲਈ ਪ੍ਰਚਾਰ ਕਰ ਰਹੇ ਹਨ।



# ਹਰਕਵਲ ਦੀਆਂ ਅੱਖਾਂ 'ਚ ਸੁਪਨਿਆਂ ਦੀ ਰੌਸ਼ਨੀ ਕਦੇ ਧੁੰਦਲੀ ਨਹੀਂ ਹੋਈ



**ਕਹਿੰਦੇ** ਹਨ ਕਿ ਜੇਕਰ ਇੰਨਸਾਨ ਦਾ ਮਨੋਬਲ ਮਜ਼ਬੂਤ ਹੋਵੇ ਤਾਂ ਕਿਸੇ ਵੀ ਮੁਕਾਮ ਨੂੰ ਹਾਸਿਲ ਕੀਤਾ ਜਾ ਸਕਦਾ ਹੈ। ਸਿਰਫ਼ ਲੋੜ ਹੈ ਦ੍ਰਿੜ ਨਿਸ਼ਚੈ ਦੀ ਅਤੇ ਸਫ਼ਲ ਮਿਹਨਤ ਦੀ ਅਤੇ ਇਸ ਨੂੰ ਸੱਚ ਸਾਬਤ ਕੀਤਾ ਦਿੱਲੀ ਦੇ ਹਰਕਵਲ ਸਿੰਘ ਨੇ, ਜਿਸ ਦੀਆਂ ਅੱਖਾਂ 'ਚ ਰੋਸ਼ਨੀ ਨਾ ਹੋਣ ਦੇ ਬਾਵਜੂਦ ਵੀ ਉਸ ਨੇ ਕਦੇ ਆਪਣੀ ਜਿੰਦਗੀ ਨੂੰ ਚੁਣੌਤੀ ਸਮਝ ਕੇ ਹਾਰ ਨਹੀਂ ਮੰਨੀ। ਉਸ ਨੇ ਆਪਣੀ ਹਿੰਮਤ, ਮਿਹਨਤ, ਅਤੇ ਦ੍ਰਿੜ ਨਿਸ਼ਚੈ ਨਾਲ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਦਿੱਲੀ ਯੂਨੀਵਰਸਿਟੀ ਤੋ ਐਮ.ਏ. ( ਪੰਜਾਬੀ ) ਦੀ ਪਹਿਲੇ ਸਥਾਨ 'ਚ ਡਿਗਰੀ ਹਸਿਲ ਕੀਤੀ। ਜਦੋਂ ਉਸ ਨੇ ਐਮ.ਏ. ਦੀ ਪੜ੍ਹਾਈ ਦਾ ਫੈਸਲਾ ਲਿਆ, ਤਾਂ ਲੋਕਾਂ ਨੇ ਉਸ ਦੀ ਕਾਬਲੀਅਤ 'ਤੇ ਕਈ ਸਵਾਲ ਕੀਤੇ, ਪਰ ਹਰਕਵਲ ਨੇ ਹਮੇਸ਼ਾਂ ਆਪਣੀ ਸਫਲਤਾ ਨਾਲ ਸਭ ਦਾ ਮੂੰਹ ਬੰਦ ਕਰ ਦਿੱਤਾ। ਉਹ ਕਾਫ਼ੀ ਔਖੀਆਂ ਰਚਨਾਵਾਂ ਅਤੇ ਕਵਿਤਾਵਾਂ ਨੂੰ ਸੁਣਕੇ ਆਪਣੀ ਅਧਿਆਪਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਿਆ। ਉਸਦੇ ਮਾਤਾ ਜੀ (ਕਵਲਜੀਤ ਕੌਰ ) ਨਾਲ ਗੱਲਬਾਤ ਵਿੱਚ ਉਨ੍ਹਾਂ ਦੱਸਿਆ ਕਿ ਹਰਕਵਲ ਦੋ ਮਹੀਨੇ ਦਾ ਸੀ , ਜਦ ਉਸ ਦੀਆਂ ਅੱਖਾਂ ਦੀ ਸਮੱਸਿਆ ਦਾ ਪਤਾ ਲੱਗਾ। ਦੇਸ਼ ਦੇ ਹਰ ਵੱਡੇ ਹਸਪਤਾਲਾਂ ਵਿੱਚ ਦਿਖਾਉਣ ਤੋ ਬਾਅਦ ਵੀ ਕੋਈ ਫਰਕ ਨਹੀਂ ਪਿਆ, ਇਸਦੀ ਨਿਗ੍ਹਾ ਹੋਰ ਘਟ ਹੁੰਦੀ ਗਈ। ਤੀਸਰੀ ਜਮਾਤ ਤੱਕ ਰੰਗਾਂ ਦੀ ਥੋੜੀ ਬਹੁਤ ਪਹਿਚਾਣ ਸੀ,ਪਰ ਹੌਲੀ ਹੌਲੀ ਇਹ ਪਹਿਚਾਣ ਵੀ ਬੰਦ ਹੋ ਗਈ ਅਤੇ ਨਜ਼ਰ ਪੂਰੀ ਤਰਾਂ ਖਤਮ ਹੋ ਗਈ। ਪਰ ਅਸੀਂ ਗੁਰੂ ਦਾ ਲੜ ? ਨਹੀਂ ਛੱਡਿਆ। ਉਸੇ ਸਦਕਾ ਨਾ ਹਰਕਵਲ ਨੇ ਹਿੰਮਤ ਹਾਰੀ ਅਤੇ ਨਾ ਹੀ ਅਸੀਂ। ਓਹਨਾਂ ਇਹ ਵੀ ਦਸਿਆ ਕਿ ਹਰਕਵਲ ਦੀ ਪੜ੍ਹਾਈ ਲਿਖਾਈ ਨਾਲ ਸਬੰਧਤ ਸਾਰੇ ਫਾਰਮ ਭਰਨ ਦਾ ਕੰਮ ਮੇਰੀ ਬੱਚੀ ( ਸਿਮਰਤ ) ਕਰਦੀ ਹੈ,ਬੇਟੇ ਨੂੰ ਤਿਆਰ ਕਰ ਕੇ ਕਾਲਜ ਭੇਜਣ ਤੇ ਮੇਰੀ ਗੈਰ ਹਾਜ਼ਰੀ ਵਿੱਚ ਬੇਟੇ ਦਾ ਧਿਆਨ ਰੱਖਣ ਦਾ ਕੰਮ ਉਸ ਦੇ ਪਾਪਾ ( ਹਰਿੰਦਰ ਪਾਲ ਸਿੰਘ ) ਕਰਦੇ ਹਨ ,ਬੇਟੇ ਦੀ ਪੜ੍ਹਾਈ ਲਈ ਕਿਤਾਬਾਂ ਪੜ੍ਹ ਕੇ ਆਡੀਓ ਬਣਾਉਣਾ,ਅਧਿਆਪਕਾਂ ਨਾਲ ਮੁਲਾਕਾਤ, ਪੇਪਰ ਦੀ ਤਿਆਰੀ,ਰਾਈਟਰ ਦਾ ਇੰਤਜ਼ਾਮ ਆਦਿ ਵਰਗਾ ਕੰਮ ਮੇਰਾ ਹੈ। ਸਾਰਿਆਂ ਦੀ ਸਾਂਝੀ ਕੋਸ਼ਿਸ਼ , ਮਿਹਨਤ, ਲਗਨ ਸਦਕਾ ਅਤੇ ਉਸ ਵਾਹਿਗੁਰੂ ਉੱਪਰ ਵਿਸ਼ਵਾਸ ਕਾਰਨ ਹਰਕਵਲ ਸਿੰਘ ਨੂੰ ਅੱਜ ਇਸ ਮੁਕਾਮ ਤੱਕ ਪਹੁੰਚਿਆ ਹੈ। ਅੰਤ 'ਚ ਓਹਨਾਂ ਦਸਿਆ ਕਿ, ਮੈ ਮੰਨਦੀ ਹਾਂ ਅਜਿਹੇ ਬੱਚਿਆਂ ਦੀ ਪਰਵਰਿਸ਼ ਵਿਚ ਸਮੱਸਿਆਵਾਂ ਵੀ ਬਹੁਤ ਆਉਂਦੀਆਂ ਹਨ ਪਰ ਰੱਬ ਉੱਪਰ ਭਰੋਸਾ ਰੱਖੋ , ਉਹ ਆਪ ਤੁਹਾਡਾ ਸਹਾਈ ਹੋਵੇਗਾ। ਇਹ ਰੱਬ ਦੇ ਜੀਅ ਤੁਹਾਡਾ ਪਿਆਰ , ਵਿਸ਼ਵਾਸ ਅਤੇ ਦੇਖਭਾਲ ਮੰਗਦੇ ਹਨ ਤਾਂ ਜੋ ਇਹ ਵੀ ਆਮ ਬੱਚਿਆਂ ਵਾਂਗ ਅੱਗੇ ਵੱਧ ਸਕਣ ।

### ਅੱਖਾਂ ਦੀ ਰੌਸ਼ਨੀ ਤੋ ਬਿਨਾਂ ਹਰਕਵਲ ਕਰ ਚੁੱਕਿਆ ਹੈ ਪੰਜਾਬੀ ਦੀ ਐਮ ਏ

ਹਰਕਵਲ ਸਿੰਘ ਦਾ ਸਫ਼ਰ ਸਧਾਰਨ ਨਹੀਂ ਸੀ। ਉਸ ਦੀ ਜ਼ਿੰਦਗੀ ਦੀ ਸ਼ੁਰੂਆਤ ਹੋਈ, ਤਾਂ ਅਸਲੀਅਤ ਨੇ ਉਸ ਤੋਂ ਰੌਣਕਾਂ ਖੋਹ ਲਈਆਂ, ਪਰ ਉਸ ਦੀਆਂ ਅੱਖਾਂ ਵਿੱਚ ਸੁਪਨਿਆਂ ਦੀ ਰੌਸ਼ਨੀ ਕਦੇ ਵੀ ਧੁੰਦਲੀ ਨਹੀਂ ਹੋਈ। ਜਦੋਂ ਲੋਕ ਇਹ ਸੋਚਦੇ ਹਨ ਕਿ ਅੱਖਾਂ ਬਿਨਾਂ ਸਿੱਖਿਆ ਪ੍ਰਾਪਤ ਕਰਨੀ ਬਹੁਤ ਔਖੀ ਹੈ, ਪਰ ਹਰਕਵਲ ਸਿੰਘ ਨੇ ਇਸ ਧਾਰਣਾ ਨੂੰ ਗਲਤ ਸਾਬਤ ਕਰ ਵਿਖਾਇਆ। ਅੱਜ ਹਰਕਵਲ ਸਿੰਘ ਸਿਰਫ ਇੱਕ ਸਫਲ ਵਿਦਿਆਰਥੀ ਹੀ ਨਹੀਂ, ਸਗੋਂ ਉਹ ਦੂਜਿਆਂ ਲਈ ਪ੍ਰੇਰਣਾ ਦਾ ਸਰੋਤ ਵੀ ਹੈ।

**-ਬਲਦੇਵ ਸਿੰਘ ਬੇਦੀ, ਜਲੰਧਰ**

ਦਮਦਮੀ ਟਕਸਾਲ ਦੇ ਮੌਜੂਦਾ 16ਵੇਂ ਮੁਖੀ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਯੂ ਕੇ ਪ੍ਰਚਾਰ ਫੇਰੀ ਦੌਰਾਨ

# ਪ੍ਰਬੰਧਕਾਂ ਤੇ ਸੰਗਤਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ

## ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗੁਰਦੁਆਰਾ ਟਿਵੀਡੇਲ ਵਿਖੇ ਕਥਾ ਨਾਲ ਸੰਗਤਾ ਨੂੰ ਨਿਹਾਲ ਕੀਤਾ

















ਦਮਦਮੀ ਟਕਸਾਲ ਦੇ ਮੌਜੂਦਾ 16ਵੇਂ ਮੁਖੀ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਯੂ ਕੇ ਪ੍ਰਚਾਰ ਫੇਰੀ ਦੌਰਾਨ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗੁਰਦੁਆਰਾ ਟਿਵੀਡੇਲ ਵਿਖੇ ਕਥਾ ਨਾਲ ਸੰਗਤਾ ਨੂੰ ਨਿਹਾਲ ਕਰਦੇ ਹੋਏ ! ਬਾਬਾ ਚਰਨ ਸਿੰਘ ਭਾਈ ਬਲਵਿੰਦਰ ਸਿੰਘ ਚੇਹੜੂ ਤੇ ਸਮੂਹ ਗੁਰਦੁਆਰਾ ਪ੍ਰਬੰਧ ਵੱਲੋ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।




(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਦਮਦਮੀ ਟਕਸਾਲ ਦੇ ਮੌਜੂਦਾ 16ਵੇਂ ਮੁਖੀ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਯੂ ਕੇ ਪ੍ਰਚਾਰ ਫੇਰੀ ਦੌਰਾਨ

# ਪ੍ਰਬੰਧਕਾਂ ਤੇ ਸੰਗਤਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ

## ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗੁਰਦੁਆਰਾ ਟਿਵੀਡੇਲ ਵਿਖੇ ਕਥਾ ਨਾਲ ਸੰਗਤਾ ਨੂੰ ਨਿਹਾਲ ਕੀਤਾ



















